## ਅਧਿਆਇ 14

# ਇੱਕ ਦੂਜੇ ਨੂੰ ਸਵੀਕਾਰ ਕਰਨਾ

ਸ਼ਾਂਤੀ ਅਤੇ ਮੇਲ-ਮਿਲਾਪ ਮਨੋਹਰ ਹੁੰਦੇ ਹਨ। ਜੇਕਰ ਹਰ ਕੋਈ ਦੂਜੇ ਸਭਨਾਂ ਦੇ ਨਾਲ ਸਹਿਮਤ ਹੋ ਸਕਦਾ ਹੁੰਦਾ, ਜੇ ਸਾਰੇ ਇੱਕਠੇ ਰਹਿ ਸਕਦੇ ਹੁੰਦੇ ਅਤੇ ਇਕੱਠੇ ਰਹਿੰਦੇ ਤਾਂ ਇਹ ਬਹੁਤ ਹੀ ਸ਼ਾਨਦਾਰ ਗੱਲ ਹੋਣੀ ਸੀ। ਪਰ, ਇਹ ਇੱਕ ਕਲਪਿਤ ਇੱਛਾ ਹੈ। ਜਿੱਥੇ ਕਿਤੇ ਵੀ ਮਨੁੱਖ ਹੁੰਦੇ ਹਨ, ਉੱਥੇ ਮਤਭੇਦ ਪੈਦਾ ਹੋਣਗੇ। ਇਹ ਗੱਲ ਸਿਰਫ ਸੰਸਾਰ ਵਿੱਚ ਹੀ ਨਹੀਂ; ਸਗੋਂ ਕਲੀਸੀਆ ਵਿੱਚ ਵੀ ਸੱਚ ਹੈ। ਪ੍ਰਸ਼ਨ ਇਹ ਨਹੀਂ ਹੈ ਕਿ "*ਜੇਕਰ* ਅਸੀਂ ਅਸਹਿਮਤ ਹੁੰਦੇ ਹਾਂ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?" ਪਰ ਪ੍ਰਸ਼ਨ ਇਹ ਹੈ ਕਿ "*ਜਦੋਂ* ਅਸੀਂ ਅਸਹਿਮਤਹੁੰਦੇ ਹਾਂ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?" ਜਦੋਂ ਸਾਡੇ ਵਿਚਾਰਾਂ ਦੇ ਵਿੱਚ ਮਤਭੇਦ ਹੁੰਦਾ ਹੈ ਤਾਂ ਸਾਨੂੰ ਕਿਸ ਪ੍ਰਕਾਰ ਦਾ ਵਿਹਾਰ ਕਰਨਾ ਚਾਹੀਦਾ ਹੈ?

ਪੌਲੁਸ ਨੇ ਰੋਮੀਆਂ 14:1—15:13 ਵਿੱਚ ਇਸ ਵਿਸ਼ੇ ਤੇ ਵਿਸਥਾਰ ਦੇ ਨਾਲ ਚਰਚਾ ਕੀਤੀ ਹੈ। ਰੋਮੀਆਂ 12:1 ਤੋਂ ਸ਼ੁਰੂ ਕਰਕੇ, ਰਸੂਲ ਨੇ ਅਕਸਰ ਹਰ ਵਿਸ਼ੇ ਤੇ ਕੁਝ ਕੁ ਆਇਤਾਂ ਲੈ ਕੇ, ਵਿਸ਼ਿਆਂ ਦੀ ਇੱਕ ਵਿਸਤ੍ਰਿਤ ਲੜੀ ਨੂੰ ਕਵਰ ਕੀਤਾ ਹੈ। ਪਰ, ਇਸ ਪ੍ਰਸ਼ਨ ਤੇ ਚਰਚਾ ਕਰਨ ਦੇ ਲਈ ਕਿ ਜਦੋਂ ਅਸੀਂ ਦੂਜੇ ਮਸੀਹੀਆਂ ਦੇ ਨਾਲ ਸਹਿਮਤ ਨਹੀਂ ਹੁੰਦੇ ਤਾਂ ਸਾਨੂੰ ਉਨ੍ਹਾਂ ਦੇ ਪ੍ਰਤਿ ਕਿਹੋ ਜਿਹਾ ਵਿਹਾਰ ਕਰਨਾ ਚਾਹੀਦਾ ਹੈ-ਉਸ ਨੇ ਛੱਤੀ ਆਇਤਾਂ-ਇੱਕ ਅਧਿਆਇ ਤੋਂ ਵੀ ਵੱਧ ਲਿਆ।

ਇਸ ਚਰਚਾ ਦੀ ਲੰਬਾਈ ਕੁਝ ਟਿੱਪਣੀਕਾਰਾਂ ਲਈ ਇਹ ਸਿੱਟਾ ਕੱਢਣ ਦਾ ਕਾਰਣ ਬਣੀ ਕਿ ਯਹੂਦੀ ਅਤੇ ਗੈਰ ਯਹੂਦੀ ਮਸੀਹੀਆਂ[1] ਦੇ ਵਿਚਕਾਰ ਵੱਡੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਸਨ ਅਤੇ ਇਹ ਕਿ ਇਹੋ ਮੁੱਖ ਕਾਰਣ ਸੀ ਕਿ ਪੌਲੁਸ ਨੇ ਰੋਮੀਆਂ[2] ਦੀ ਪੱਤ੍ਰੀ ਨੂੰ ਲਿਖਿਆ। ਰੋਮ ਵਿੱਚ ਪੌਲੁਸ ਦੇ ਬਹੁਤ ਸਾਰੇ ਸੰਪਰਕ ਸਨ (16:3–15), ਇਸ ਲਈ ਜੇਕਰ ਇਹ ਸੰਘਰਸ਼ ਪੈਦਾ ਹੋਇਆ ਹੁੰਦਾ ਤਾਂ ਉਸ ਨੂੰ ਇਸ ਦਾ ਪਤਾ ਹੋਣਾ ਸੀ। ਅਜਿਹਾ ਹੋਣ ਦੀ ਸਿਰਫ ਸੰਭਾਵਨਾ ਹੈ, ਪਰ, ਕਿਉਂਕਿ ਪੌਲੁਸ ਦੀਆਂ ਯਾਤਰਾਵਾਂ ਵਿੱਚ, ਉਸ ਨੂੰ ਬਹੁਤ ਸਾਰੇ ਸਥਾਨਾਂ ਤੇ ਇਸੇ ਕਿਸਮ ਦੇ ਤਨਾਅ ਦਾ ਸਾਹਮਣਾ ਕਰਨਾ ਪਿਆ ਸੀ ਜੋ ਸਾਡੇ ਮੂਲਪਾਠ ਵਿੱਚ ਦਿਖਾਇਆ ਗਿਆ ਹੈ। ਇਸ ਲਈ, ਉਸ ਨੂੰ ਪਵਿੱਤਰ ਆਤਮਾ ਦੇ ਦੁਆਰਾ ਪ੍ਰੇਰਿਤ ਕੀਤਾ ਗਿਆ ਸੀ ਕਿ ਉਹ ਇਸ ਹਿਦਾਇਤ ਨੂੰ ਸ਼ਾਮਲ ਕਰੇ ਤਾਂ ਕਿ ਉਨ੍ਹਾਂ ਸਮੱਸਿਆਵਾਂ ਨੂੰ ਰੋਕਿਆ ਜਾ ਸਕੇ ਜੋ ਪੈਦਾ ਹੋ ਸਕਦੀਆਂ ਹਨ।

ਇਸ ਤੋਂ ਪਹਿਲਾਂ ਕਿ ਅਸੀਂ ਆਪਣੇ ਹਵਾਲੇ ਦੇ ਅਧਿਐਨ ਨੂੰ ਸ਼ੁਰੂ ਕਰੀਏ, ਸਾਨੂੰ ਕੁਝ ਚੁਨੌਤੀਆਂ ਨੂੰ ਜਿਨ੍ਹਾਂ ਦਾ ਸਾਨੂੰ ਸਾਹਮਣਾ ਕਰਨਾ ਪਵੇਗਾ ਸਮਝਣ ਦੀ ਲੋੜ ਹੈ। ਸਭ ਤੋਂ ਵੱਡੀ ਚੁਨੌਤੀ ਇਹ ਹੈ ਕਿ ਅਸੀਂ ਉਸ ਸਥਿਤੀ ਨੂੰ ਪੂਰੀ ਤਰ੍ਹਾਂ ਦੇ ਨਾਲ ਸਮਝ ਨਹੀਂ ਸਕਦੇ ਹਾਂ ਜਿਸਨੇ ਪੌਲੁਸ ਨੂੰ ਚਰਚਾ ਕਰਨ ਦੇ ਲਈ ਪ੍ਰੇਰਿਤ ਕੀਤਾ ਸੀ। ਇਹ ਸਥਿਤੀ ਪੌਲੁਸ ਦੇ ਲਈ ਅਤੇ ਸੰਭਵ ਰੂਪ ਵਿੱਚ

ਰੋਮ ਵਿਚਲੇ ਉਸ ਦੇ ਪਾਠਕਾਂ ਦੇ ਲਈ ਸਪੱਸ਼ਟ ਸੀ, ਪਰ ਇਹ ਸਾਡੇ ਲਈ ਸਪੱਸ਼ਟ ਨਹੀਂ ਹੈ। ਇਸ ਵਿੱਚ ਮਾਸ ਖਾਣਾ (14:2, 21), ਵਿਸ਼ੇਸ਼ ਦਿਨਾਂ ਨੂੰ ਮੰਨਣਾ (14:5), ਅਤੇ ਕਿਸੇ ਤਰੀਕੇ ਨਾਲ ਸ਼ਰਾਬ ਪੀਣਾ ਵੀ (14:21) ਸ਼ਾਮਲ ਸੀ—ਪਰ ਅਸਲ ਵਿੱਚ ਪੌਲੁਸ ਦੇ ਮਨ ਵਿੱਚ ਕੀ ਸੀ ਇਸ ਦੇ ਬਾਰੇ ਸਹਿਮਤੀ ਦੀ ਕਮੀ ਹੈ। ਇਸ ਦੇ ਨਾਲ ਜੋੜਣ ਦੇ ਨਾਲ ਇਹ ਇਸ ਵਿਸ਼ੇ ਤੇ ਅਸਹਿਮਤੀ ਹੈ ਕਿ ਅਸਲ ਵਿੱਚ "ਮਜ਼ਬੂਤ" ਭਾਈ ਕੌਣ ਹੈ (15:1) ਅਤੇ "ਕਮਜ਼ੋਰ" ਭਾਈ ਕੌਣ ਹੈ (14:1, 2; 15:1)।

ਬਹੁਤਿਆਂ ਨੂੰ ਵਿਸ਼ਵਾਸ ਹੈ ਕਿ, ਰੋਮੀਆਂ 14 ਅਧਿਆਇ ਦੀਆਂ ਸਾਰੀਆਂ ਉਦਾਹਰਣਾਂ ਵਿੱਚ, "ਕਮਜ਼ੋਰ" ਭਾਈ ਯਹੂਦੀ ਮਸੀਹੀ ਸਨ ਜੋ ਹੁਣ ਵੀ ਪੁਰਾਣੇ ਨੇਮ ਦੇ ਚਿੰਨ੍ਹਾਂ ਦੇ ਨਾਲ ਜੁੜੇ ਹੋਏ ਹਨ। ਦਿਨਾਂ ਦੇ ਸੰਬੰਧ ਵਿੱਚ, ਉਹ ਹੁਣ ਵੀ ਯਹੂਦੀ ਕੈਲੰਡਰਦੇ ਅਨੁਸਾਰ ਚੱਲਦੇ ਹਨ। ਮਾਸ ਖਾਣ ਦੇ ਸੰਬੰਧ, ਰੋਮ ਵਰਗੇ ਮੂਰਤੀਪੂਜਕ ਸਮਾਜ ਵਿੱਚ, ਉਹ ਇਸ ਗੱਲ ਵਿਸ਼ਵਾਸ ਨਹੀਂ ਕਰ ਸਕਦੇ ਸਨ ਕਿ ਬਾਜ਼ਾਰ ਵਿੱਚੋਂ ਖਰੀਦਿਆ ਕੋਈ ਵੀ ਮਾਸ ਕੋਸ਼ਰ[3] ਸੀ। ਸੁਰੱਖਿਅਤ ਤਰੀਕਾ ਅਪਣਾਉਣ ਦੇ ਲਈ, ਉਹ ਸ਼ਾਕਾਹਾਰੀ[4] ਬਣ ਗਏ ਸਨ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ, "ਮਜ਼ਬੂਤ" ਭਾਈ ਗੈਰ ਯਹੂਦੀ ਮਸੀਹੀ-ਅਤੇ ਪੌਲੁਸ ਵਰਗੇ ਕੁਝ ਜਾਗ੍ਰਿਤ ਯਹੂਦੀ ਮਸੀਹੀ ਸਨ।

ਉਹ ਲੋਕ ਜੋ ਇਸ ਵਿਚਾਰ ਨੂੰ ਫੜੀ ਰੱਖਦੇ ਹਨ ਉਹ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ, ਰੋਮੀਆਂ 14 ਅਧਿਆਇ ਅਤੇ ਉਸ ਦੇ ਨਾਲ ਮਿਲਦੀ-ਜੁਲਦੀ ਚਰਚਾ 1 ਕੁਰਿੰਥੀਆਂ 8–10 ਵਿੱਚ ਜੋ ਮੂਰਤੀਆਂ ਦੇ ਸਾਹਮਣੇ ਬਲੀਦਾਨ ਕੀਤੇ ਮਾਸ ਦੇ ਵਿਸ਼ੇ ਵਿੱਚ ਹੈ ਤਾਂ ਉਹ ਸੰਬੰਧ ਬਹੁਤ ਹੀ ਮਾਮੂਲੀ ਜਿਹਾ ਹੈ। ਇਸ ਗੱਲ ਨੂੰ ਮੰਨਦੇ ਹੋਏ ਕਿ ਦੋਵਾਂ ਹਵਾਲਿਆਂ ਵਿੱਚ ਸਮਾਨਤਾਵਾਂ ਹਨ, ਉਨ੍ਹਾਂ ਨੇ ਮਹੱਤਵਪੂਰਣ ਅੰਤਰਾਂ ਤੇ ਵੀ ਧਿਆਨ ਦਿੱਤਾ ਹੈ।

ਇਹ ਦ੍ਰਿਸ਼ਟੀਕੋਣ ਜਿਸਦਾ ਹੁਣੇ ਹੀ ਵਰਣਨ ਕੀਤਾ ਗਿਆ ਹੈ ਠੀਕ ਹੋ ਸਕਦਾ ਹੈ, ਪਰ ਮੈਂ ਇਸ ਸਿੱਟੇ ਤੋਂ ਅਸੰਤੁਸ਼ਟ ਹਾਂ ਕਿ, ਆਪਣੀ ਪੱਤ੍ਰੀ ਦੇ ਇਸ ਬਿੰਦੂ ਤੇ, ਪੌਲੁਸ ਨੇ ਯਹੂਦੀ ਮਸੀਹੀਆਂ ਉੱਤੇ ਇੱਕ "ਕਮਜ਼ੋਰ" ਸਮੂਹ ਹੋਣ ਦਾ ਅਤੇ ਗੈਰ ਯਹੂਦੀ ਮਸੀਹੀਆਂ ਉੱਤੇ ਇੱਕ "ਮਜ਼ਬੂਤ" ਸਮੂਹ ਹੋਣ ਦਾ ਲੇਬਲ ਲਾ ਦਿੱਤਾ ਹੈ। ਇਸ ਤੋਂ ਇਲਾਵਾ, ਮੈਨੂੰ ਲੱਗਦਾ ਹੈ ਕਿ 1 ਕੁਰਿੰਥੀਆਂ 8–10 ਦੇ ਸੰਭਵ ਸੰਬੰਧ ਨੂੰ ਬਹੁਤ ਹੀ ਜਲਦੀ ਹੀ ਖਾਰਿਜ ਕਰ ਦਿੱਤਾ ਗਿਆ ਸੀ। ਆਖਿਰਕਾਰ ਪੌਲੁਸ ਕੁਰਿੰਥੁਸ ਤੋਂ ਲਿਖ ਰਿਹਾ ਸੀ, ਜਿੱਥੇ ਉਸ ਨੂੰ ਲਗਾਤਾਰ ਉਨ੍ਹਾਂ ਸਮੱਸਿਆਵਾਂ ਦੇ ਬਾਰੇ ਯਾਦ ਕਰਵਾਇਆ ਗਿਆ ਸੀ ਜੋ ਮਸੀਹੀਆਂ ਦੇ ਦੁਆਰਾ ਉਸ ਮਾਸ ਨੂੰ ਖਾਣ ਦੇ ਵਿਸ਼ੇ ਵਿੱਚ ਪੈਦਾ ਹੋਈਆਂ ਸਨ ਜੋ ਮੂਰਤੀਆਂ ਨੂੰ ਭੇਂਟ ਕੀਤਾ ਗਿਆ ਸੀ।

ਯਹੂਦੀ ਪੁਰਾਣੇ ਨੇਮ ਦੇ ਭੋਜਨ ਸੰਬੰਧੀ ਨਿਯਮਾਂ ਨੂੰ ਮੰਨਣ ਦੇ ਲਈ ਸਮਰਪਿਤ ਸਨ ਉਹ ਕੋਸ਼ਰ ਮਾਸ ਦੇ ਲਈ ਗੈਰ ਯਹੂਦੀ ਬਾਜ਼ਾਰਾਂ ਤੇ ਨਿਰਭਰ ਨਹੀਂ ਸਨ। ਇਸ ਦੀ ਬਜਾਇ, ਉਹ ਆਪਣੀ ਸ਼ਰਾ ਅਤੇ ਪਰੰਪਰਾਵਾਂ ਦੀਆਂ ਸ਼ਰਤਾਂ ਦੇ ਅਨੁਸਾਰ ਬਲੀ ਕਰਦੇ ਅਤੇ ਆਪਣੇ ਲਈ ਮਾਸ ਤਿਆਰ ਕਰਦੇ ਸਨ। ਇਸ ਲਈ ਇਹ ਸੰਭਵ ਹੈ ਕਿ ਉਹ ਲੋਕ ਜੋ ਮਾਸ ਖਾਣ ਤੋਂ ਪਰਹੇਜ਼ ਕਰਦੇ ਸਨ ਉਹ ਗੈਰ ਯਹੂਦੀ ਮਸੀਹੀ ਸਨ ਜੋ ਇਹ ਚੰਗੀ ਤਰ੍ਹਾਂ ਦੇ ਨਾਲ ਜਾਣਦੇ ਸਨ ਕਿ ਕੁਝ ਮਾਸ ਜੋ ਬਾਜ਼ਾਰ ਵਿੱਚ ਉਪਲਬਧ ਹੈ ਉਹ ਪਹਿਲਾਂ ਇੱਕ ਮੂਰਤੀ ਨੂੰ ਬਲੀ ਕੀਤੇ ਗਏ ਚੜ੍ਹਾਵੇ ਦਾ ਇੱਕ ਹਿੱਸਾ ਸੀ।

ਇੱਥੇ ਕੋਈ ਅਜਿਹਾ ਸਬੂਤ ਨਹੀਂ ਹੈ ਜੋ ਸਾਨੂੰ ਇਹ ਸਿੱਟਾ ਕੱਢਣ ਦੇ ਲਈ ਮਜਬੂਰ ਕਰ ਸਕਦਾ ਹੋਵੇ ਕਿ ਪੌਲੁਸ ਨੇ ਉਲੇਖ ਕੀਤੇ ਹੋਏ ਮੁੱਦਿਆਂ ਦੇ ਅਧਾਰ ਤੇ ਇੱਕ ਸਮੂਹ ਨੂੰ "ਮਜ਼ਬੂਤ" ਅਤੇ ਦੂਜੇ ਨੂੰ "ਕਮਜ਼ੋਰ" ਦਾ ਲੇਬਲ ਲਾ ਦਿੱਤਾ ਸੀ। ਉਸ ਨੇ ਜਾਣ ਬੁੱਝ ਕੇ ਇੱਕ ਵਿਸ਼ਾ ਦਿਨਾਂ ਨੂੰ ਮੰਨਣ ਦੇ ਵਿਸ਼ੇ ਵਿੱਚ ਚੁਣਿਆ ਹੋ ਸਕਦਾ ਹੈ ਜਿਸ ਵਿੱਚ ਯਹੂਦੀ ਮਸੀਹੀਆਂ ਦੇ "ਕਮਜ਼ੋਰ" ਹੋਣ (ਦਿਨਾਂ ਨੂੰ ਮੰਨਣਾ) ਦੀ ਜ਼ਿਆਦਾ ਸੰਭਾਵਨਾ ਸੀ ਅਤੇ ਦੂਜਾ ਵਿਸ਼ਾ ਉਹ ਜਿਸ ਵਿੱਚ ਗੈਰ ਯਹੂਦੀ ਮਸੀਹੀਆਂ ਦੇ "ਕਮਜ਼ੋਰ" ਹੋਣ (ਮਾਸ ਨਾ ਖਾਣਾ) ਦੀ ਸੰਭਾਵਨਾ ਜ਼ਿਆਦਾ ਸੀ। ਇੱਕ ਅਜਿਹਾ ਦ੍ਰਿਸ਼ਟੀਕੋਣ ਅਜਿਹੇ ਵਿਚਾਰਾਂ ਨੂੰ ਕਿ "*ਅਸੀਂ* ਆਤਮਿਕ ਤੌਰ ਤੇ *ਤੁਹਾਡੇ* ਨਾਲੋਂ ਮਜ਼ਬੂਤ ਹਾਂ" ਦੂਰ ਕਰਦਾ ਹੈ। (ਜੇਕਰ ਅਸੀਂ ਆਪਣੇ ਆਪ ਦੇ ਨਾਲ ਇਮਾਨਦਾਰ ਹਾਂ, ਤਾਂ ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਇਹ ਮੰਨਣਾ ਪਵੇਗਾ ਕਿ ਭਾਵੇਂ ਅਸੀਂ ਕੁਝ ਮੁੱਦਿਆਂ ਵਿੱਚ "ਮਜ਼ਬੂਤ" ਹਾਂ, ਫਿਰ ਵੀ ਇਹ ਹੋ ਸਕਦਾ ਹੈ ਕਿ ਅਸੀਂ ਹੋਰਨਾਂ ਮੁੱਦਿਆਂ ਦੇ ਵਿੱਚ "ਕਮਜ਼ੋਰ" ਹੋਈਏ।)

ਰੋਮੀਆਂ 14:1—15:13 ਵਿਚ ਪੌਲੁਸ ਦੇ ਮਨ ਦੀ ਬਿਲਕੁਲ ਸਹੀ ਸਥਿਤੀ ਦੇ ਪ੍ਰਤਿ ਅਸੀਂ ਕੱਟੜ ਨਹੀਂ ਹੋ ਸਕਦੇ। ਰਿਚਰਡ ਏ. ਬੇਟੇ ਨੇ ਕਿਹਾ, "ਖੁਸ਼ਕਿਸਮਤੀ ਦੇ ਨਾਲ, ਇਸ ਭਾਗ ਵਿਚਲੀ ਪੌਲੁਸ ਦੀ ਸਿੱਖਿਆ ਨੂੰ ਸਹੀ ਢੰਗ ਦੇ ਨਾਲ ਸਮਝਣ ਦੇ ਲਈ ਸਾਨੂੰ ਉਨ੍ਹਾਂ ਮਸੀਹੀਆਂ ਦੀ ਹੂਬਹੂ ਪਹਿਚਾਣ ਦੀ ਲੋੜ ਨਹੀਂ ਹੈ ਜੋ ਪੌਲੁਸ ਦੇ ਮਨ ਦੇ ਅੰਦਰ ਹਨ।"[5] ਮੂਲਪਾਠ ਤੇ ਵਿਚਾਰ ਕਰਦੇ ਹੋਏ, ਮੈਂ ਸੰਭਾਵਨਾਵਾਂ ਦੇ ਬਾਰੇ ਚਰਚਾ ਕਰਾਂਗਾ, ਪਰ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਅਸੀਂ ਅਨੁਚਿਤ ਕਲਪਨਾਵਾਂ ਦੇ ਅਧਾਰ ਤੇ ਸਿੱਟਿਆਂ ਤੇ ਨਾ ਪਹੁੰਚੀਏ।

ਇੱਕ ਹੋਰ ਪ੍ਰਸ਼ਨ ਉੱਠਦਾ ਹੈ: ਜੇਕਰ, ਅੱਜ ਅਸੀਂ ਕੋਈ ਵੀ, ਪ੍ਰਾਸੰਗਿਕਤਾ ਬਣਾ ਸਕੀਏ ਤਾਂ ਕੀ ਹੋਵੇਗਾ? ਰੋਮੀਆਂ 14 ਤੇ 15 ਅਧਿਆਇ ਵਿੱਚ ਭਾਵੇਂ ਕੋਈ ਵੀ ਮੁਸ਼ਕਲ ਹਾਲਤ ਕਿਉਂ ਨਾ ਰਹੀ ਹੋਵੇ, ਪੌਲੁਸ ਪਹਿਲੀ ਸਦੀ ਦੀਆਂ ਸਮੱਸਿਆਵਾਂ ਬਾਰੇ ਗੱਲ ਕਰ ਰਿਹਾ ਸੀ ਜੋ ਕਿਸੇ ਵੀ ਅਜਿਹੀ ਚੀਜ਼ ਤੋਂ ਬਹੁਤ ਹੀ ਦੂਰ ਦੀ ਗੱਲ ਜਾਪਦੀ ਹੈ ਜਿਸ ਦਾ ਅੱਜ ਅਸੀਂ ਸਾਹਮਣਾ ਕਰਦੇ ਹਾਂ। ਕੀ ਇੱਥੇ ਸਾਡੇ ਲਈ ਇੱਕ ਸੰਦੇਸ਼ ਹੈ? ਹਾਂ। ਜੇਕਰ ਇਸ ਹਵਾਲੇ ਵਿੱਚ ਹਰੇਕ ਸਮੇਂ ਦੇ ਲਈ ਕੋਈ ਸੰਦੇਸ਼ ਨਾ ਹੁੰਦਾ ਤਾਂ ਪਵਿੱਤਰ ਆਤਮਾ ਇਸ ਨੂੰ ਕਾਇਮ ਨਾ ਰੱਖਦਾ। ਇੱਕਵੀਂ ਸਦੀ ਦੇ ਲਈ ਕੀ ਸੰਦੇਸ਼ ਹੈ?

ਸਾਲਾਂ ਤੋਂ, ਰੋਮੀਆਂ 14 ਅਧਿਆਇ ਗਤੀਵਿਧੀਆਂ ਅਤੇ ਵਿਸ਼ਵਾਸਾਂ ਦੀ ਇੱਕ ਵਿਸਤ੍ਰਿਤ ਲੜੀ ਨੂੰ ਯੋਗ ਠਹਿਰਾਉਣ ਦੇ ਲਈ ਇਸਤੇਮਾਲ ਕੀਤਾ ਗਿਆ ਹੈ। ਉਦਾਹਰਣ ਦੇ ਤੌਰ ਤੇ, ਕੁਝ ਲੋਕ ਜ਼ੋਰ ਦੇ ਕੇ ਕਹਿੰਦੇ ਹਨ ਕਿ ਰੋਮੀਆਂ 14:1 ਦਾ ਅਰਥ ਹੈ ਕਿ, ਸਾਨੂੰ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿਸੇ ਵੀ ਵਿਅਕਤੀ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ, ਕਿ ਉਹ ਕੀ ਵਿਸ਼ਵਾਸ ਕਰਦਾ ਹੈ ਜਾਂ ਕਿਹੜੀਆਂ ਪ੍ਰਥਾਵਾਂ ਨੂੰ ਮੰਨਦਾ ਹੈ। ਅਕਸਰ, ਇਹ ਹਵਾਲਾ ਉਨ੍ਹਾਂ ਨੈਤਿਕ ਪ੍ਰਥਾਵਾਂ ਨੂੰ ਸਹੀ ਠਹਿਰਾਉਣ ਦੇ ਲਈ ਇਸਤੇਮਾਲ ਕੀਤਾ ਗਿਆ ਹੈ ਜੋ ਸਪੱਸ਼ਟ ਤੌਰ ਤੇ ਵਿਰੋਧ ਕੀਤੇ ਜਾਣ ਦੇ ਯੋਗ ਹਨ। ਪੁਰਾਣੇ ਸਮਿਆਂ ਦੇ ਵਿੱਚ, KJV ਵਿੱਚਆਇਤ 21 ਦੀ ਸ਼ਬਦਾਵਲੀ ("ਠੇਡਾ ਖਾਵੇ") ਨੂੰਇਸ ਪ੍ਰਕਾਰ ਇਸਤੇਮਾਲ ਕੀਤਾ ਗਿਆ ਹੈ: "ਤੁਸੀਂ ਜੋ ਕਰ ਰਹੇ ਹੋ ਉਹ ਮੈਨੂੰ ਪਸੰਦ ਨਹੀਂ ਹੈ। ਇਸ ਤੋਂ ਮੈਨੂੰ *ਠੋਕਰ ਲੱਗਦੀ* ਹੈ; ਇਸ ਲਈ, ਪੌਲੁਸ ਦੀਆਂ ਸਿੱਖਿਆਵਾਂ ਦੇ ਮੁਤਾਬਿਕ, ਤੁਹਾਨੂੰ ਇਹ ਕੰਮ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ!" ਜਦੋਂ ਅਸੀਂ ਮੂਲ ਪਾਠ ਤੇ ਵਿਚਾਰ ਕਰਦੇ ਹੋਏ ਅਸੀਂ ਇਨ੍ਹਾਂ

ਵਿੱਚੋਂ ਕੁਝ ਸ਼ੱਕੀ ਪ੍ਰਾਸੰਗਿਕਤਾਵਾਂ ਨਾਲ ਵਿਹਾਰ ਕਰਾਂਗੇ।

ਸ਼ਾਇਦ ਪ੍ਰਾਸੰਗਿਕਤਾ ਦੇ ਵਿਸ਼ੇ ਵਿੱਚ ਜੋ ਸਭ ਤੋਂ ਮਹੱਤਵਪੂਰਣ ਗੱਲ ਕਹੀ ਜਾ ਸਕਦੀ ਹੈ ਉਹ ਇਹ ਹੈ ਕਿ ਇਹ ਬੰਦ ਇਸ ਗੱਲ ਦੇ ਨਾਲ ਵਿਹਾਰ ਕਰਦਾ ਹੈ ਕਿ *ਵਿਚਾਰ ਦੇ ਮਤਭੇਦਾਂ ਦੇ ਵਿਸ਼ੇ ਵਿੱਚ* ਕਿਸ ਤਰ੍ਹਾਂ ਦਾ ਵਿਹਾਰ ਕਰੀਏ। NASB ਵਿੱਚ ਇਸ ਦਾ ਸੰਕੇਤ ਅਧਿਆਇ 14 ਦੀ ਸ਼ੁਰੂਆਤ ਵਿੱਚ ਦਿੱਤਾ ਗਿਆ ਹੈ: "ਜਿਹੜਾ ਕੋਈ ਨਿਹਚਾ ਵਿੱਚ ਕੱਚਾ ਹੈ ਉਹ ਨੂੰ ਆਪਣੀ ਸੰਗਤ ਵਿੱਚ ਰਲਾ ਤਾਂ ਲਓ ਪਰ *ਭਰਮਾਂ* ਦੇ ਵਿਖੇ ਫ਼ੈਸਲੇ ਲਈ ਨਹੀਂ" (14:1; ਜ਼ੋਰ ਦਿੱਤਾ ਗਿਆ ਹੈ)।[6] ਸ਼ਬਦ "ਭਰਮਾਂ" ਦਾ ਅਨੁਵਾਦ ਉਸ ਯੂਨਾਨੀ ਸ਼ਬਦ ਤੋਂ ਕੀਤਾ ਗਿਆ ਹੈ ਜੋ, ਇਸ ਆਇਤ ਵਿੱਚ, "ਨਿਗੂਣੀਆਂ ਚੀਜ਼ਾਂ ਦੇ ਬਾਰੇ ਚਿੰਤਾ ਕਰਨ"[7] ਨੂੰ ਸੂਚਿਤ ਕਰਦਾ ਹੈ। ਲੇਖਕ ਇਸ ਵਿਚਾਰ ਨੂੰ ਪਰਗਟ ਕਰਨ ਦੇ ਲਈ ਕਿ ਹਵਾਲਾ ਵਿਚਾਰ ਦੇ ਮਾਮਲਿਆਂ ਦੇ ਨਾਲ ਸੰਬੰਧਤ ਹੈ ਕਈ ਸ਼ਬਦਾਂ ਅਤੇ ਵਾਕਾਂ ਨੂੰ ਇਸਤੇਮਾਲ ਕਰਦੇ ਹਨ-ਜਿਵੇਂ "ਇਤਫ਼ਾਕਿਆ ਮਾਮਲੇ," "ਗੈਰ ਜ਼ਰੂਰੀ ਮਾਮਲੇ," "ਦੂਜੇ ਦਰਜੇ ਦੇ ਮਾਮਲੇ," "ਮਾਮੂਲੀ ਮਾਮਲੇ," ਅਤੇ "ਉਦਾਸੀਨਤਾ ਦੇ ਮਾਮਲੇ।"

ਉਨ੍ਹਾਂ ਲੋਕਾਂ ਨੇ ਜੋ ਨਵੇਂ ਨੇਮ ਦੀ ਬਹਾਲੀ ਦੇ ਲਈ ਸਮਰਪਿਤ ਹਨ ਹਮੇਸ਼ਾ "ਵਿਸ਼ਵਾਸ ਦਾ ਮਾਮਲਾ" (ਜੋ ਸਪੱਸ਼ਟ ਤੌਰ ਤੇ ਪਵਿੱਤਰ ਬਾਈਬਲ ਦੇ ਵਿੱਚ ਸਿਖਾਇਆ ਜਾਂਦਾ ਹੈ) ਅਤੇ "ਵਿਚਾਰ ਦਾ ਮਾਮਲਾ" (ਉਹ ਜਿਸ ਦੇ ਵਿਸ਼ੇ ਵਿੱਚ ਪਵਿੱਤਰ ਬਾਈਬਲ ਕੋਈ ਵਿਸ਼ੇਸ਼ ਹਿਦਾਇਤ ਨਹੀਂ ਦਿੰਦੀ ਹੈ) ਵਿਚਲੇ ਫਰਕ ਨੂੰ ਸਵੀਕਾਰ ਕੀਤਾ ਹੈ। ਇੱਕ ਆਦਰਸ਼ ਵਾਕ ਜੋ ਪੁਰਾਣੇ ਸਮੇਂ ਦੇ ਵਿੱਚ ਸੁਣਿਆ ਗਿਆ ਸੀ "ਵਿਸ਼ਵਾਸ ਦੇ ਮਾਮਲਿਆਂ ਵਿੱਚ, ਏਕਤਾ; ਵਿਚਾਰ ਦੇ ਮਾਮਲਿਆਂ ਵਿੱਚ, ਅਜ਼ਾਦੀ; ਅਤੇ ਸਾਰੀਆਂ ਗੱਲਾਂ ਵਿੱਚ, ਦਇਆ [ਜਾਂ ਪ੍ਰੇਮ]।"[8]ਰੋਮੀਆਂ 16:17 ਵਿੱਚ ਪੌਲੁਸ ਨੇ ਸਪੱਸ਼ਟ ਕੀਤਾ ਹੈ ਕਿ ਸਾਨੂੰ *ਵਿਸ਼ਵਾਸ* ਦੇ ਵਿਸ਼ੇ ਵਿੱਚ ਮਤਭੇਦਾਂ ਦੇ ਮੁੱਦਿਆਂ ਦੇ ਨਾਲ ਕਿਵੇਂ ਪੇਸ਼ ਆਉਣਾ ਚਾਹੀਦਾ ਹੈ। ਸਾਡਾ ਮੌਜੂਦਾ ਮੂਲਪਾਠ ਇਸ ਵਿਸ਼ੇ ਦੇ ਨਾਲ ਸੰਬੰਧਤ ਹੈ ਕਿ ਸਾਨੂੰ *ਵਿਚਾਰ* ਦੇ ਮਾਮਲਿਆਂ ਵਿੱਚ ਕਿਸ ਪ੍ਰਕਾਰ ਦਾ ਵਿਹਾਰ ਕਰਨਾ ਚਾਹੀਦਾ ਹੈ।

ਟਿੱਪਣੀਕਾਰ ਸਧਾਰਣ ਤੌਰ ਤੇ ਸਮਝੌਤੇ ਵਿੱਚ ਹਨ ਕਿ ਰੋਮੀਆਂ 14:1—15:13 ਦੀ ਪ੍ਰਾਸੰਗਿਕਤਾ ਨੂੰ ਵਿਚਾਰ ਦੇ ਮੁੱਦਿਆਂ ਤੱਕ ਹੀ ਸੀਮਿਤ ਕੀਤਾ ਜਾਣਾ ਚਾਹੀਦਾ ਹੈ। ਉਦਾਹਰਣ ਦੇ ਤੌਰ ਤੇ, ਡਗਲਸ ਜੇ. ਮੂ ਨੇ ਕਿਹਾ ਕਿ "ਗ੍ਰਹਿਣ ਕਰ ਸਕਣ ਦੀ ਜਿਸ ਯੋਗਤਾ ਦੀ ਪੌਲੁਸ ਨੇ ਇੱਥੇ ਮੰਗ ਕੀਤੀ ਹੈ ਅਸੀਂ ਉਸਦਾ ਵਿਸਥਾਰ *ਸਾਰਿਆਂ* ਮੁੱਦਿਆਂ ਦੇ ਲਈ ਨਹੀਂ ਕਰ ਸਕਦੇ ਹਾਂ . . . ਸਾਡੇ ਲਈ ਜ਼ਰੂਰੀ ਹੈ . . . ਕਿ ਅਸੀਂ ਰੋਮੀਆਂ 14:1—15:13 ਦੀ ਗ੍ਰਹਿਣ ਕਰਨ ਦੀ ਯੋਗਤਾ ਨੂੰ ਸਿਰਫ ਉਨ੍ਹਾਂ ਮੁੱਦਿਆਂ ਤੇ ਹੀ ਲਾਗੂ ਕਰੀਏ ਜਿਹੜੇ ਮੁੱਦੇ ਉਨ੍ਹਾਂ ਮੁੱਦਿਆਂ ਦੇ ਨਾਲ ਮਿਲਦੇ–ਜੁਲਦੇ ਹਨ ਜਿਨ੍ਹਾਂ ਨਾਲ ਪੌਲੁਸ ਇੱਥੇ ਵਿਹਾਰ ਕਰਦਾ ਹੈ।"[9] ਇਸ ਦੇ ਨਾਲ ਹੀ, ਜ਼ਿਆਦਾਤਰ ਲੇਖਕ ਆਪਣਿਆਂ ਖੁਦ ਦਿਆਂ ਸਿਧਾਂਤਕ ਅਤੇ ਨੈਤਿਕ ਮੁੱਦਿਆਂ ਨੂੰ ਸ਼ਾਮਲ ਕਰਨ ਤੋਂ ਟਲਦੇ ਨਹੀਂ ਹਨ ਜਿਨ੍ਹਾਂ ਨੂੰ ਉਹ ਵਿਚਾਰ ਦੇ ਮੁੱਦੇ ਸਮਝਦੇ ਹਨ। ਉਨ੍ਹਾਂ ਦੀ ਸੂਚੀ ਵਿੱਚ ਡਾਕਟ੍ਰਿਨ ਦੇ ਮੁੱਦੇ ਜਿਵੇਂ ਕੀ ਬਪਤਿਸਮਾ ਜ਼ਰੂਰ ਡੁੱਬਕੀ ਦੇ ਦੁਆਰਾ ਹੋਣਾ ਚਾਹੀਦਾ ਹੈ ਜਾਂ ਨਹੀਂ ਅਤੇ ਨੈਤਿਕ ਮੁੱਦੇ ਜਿਵੇਂ ਜੂਆ ਆਦਿ ਸ਼ਾਮਲ ਹੁੰਦੇ ਹਨ।

ਰੋਮੀਆਂ 14 ਨੂੰ ਲਾਗੂ ਕਰਨ ਦੇ ਵਿੱਚ, ਲੋਕਾਂ ਦੇ ਲਈ ਇਹ ਆਮ ਗੱਲ ਹੈ ਕਿ ਉਹ ਇਸ ਗੱਲ ਦਾ *ਅਨੁਮਾਨ* ਲਾ ਲੈਣ ਕਿ ਉਨ੍ਹਾਂ ਨੇ ਕੀ *ਸਾਬਤ* ਕਰਨਾ ਹੈ। ਅਰਥਾਤ, ਉਹ ਇਹ *ਅਨੁਮਾਨ* ਲਾ

ਲੈਣ ਕਿ ਇਹ ਜਾਂ ਉਹ ਮੁੱਦਾ ਵਿਚਾਰ ਦੀ ਗੱਲ ਹੈ ਅਤੇ ਫਿਰ ਇਸ ਉੱਤੇ ਰੋਮੀਆਂ 14 ਅਧਿਆਇ ਨੂੰ ਲਾਗੂ ਕਰਨ। ਕਿਸੇ ਵੀ ਮੁੱਦੇ ਤੇ ਰੋਮੀਆਂ 14 ਅਧਿਆਇ ਸਖ਼ਤੀ ਦੇ ਨਾਲ ਲਾਗੂ ਕਰਨ ਤੋਂ ਪਹਿਲਾਂ, ਇਹ ਪ੍ਰਮਾਣਿਤ ਕਰ ਲੈਣਾ ਚਾਹੀਦਾ ਹੈ ਕਿ ਉਹ ਮੁੱਦਾ ਵਿਚਾਰ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਕਿ ਨਹੀਂ। ਇਹ ਕਰਨਾ ਸੌਖਾ ਕੰਮ ਨਹੀਂ ਹੈ। ਕਈਆਂ ਮਸੀਹੀਆਂ ਦੇ ਦੁਆਰਾ ਬਹੁਤ ਸਾਰੇ ਮੁੱਦਿਆਂ ਨੂੰ ਨਿਹਚਾ ਦੇ ਮਾਮਲੇ ਮੰਨਿਆ ਜਾਂਦਾ ਹੈ, ਜਦਕਿ ਹੋਰਨਾਂ ਮਸੀਹੀਆਂ ਨੂੰ ਉਨ੍ਹਾਂ ਹੀ ਯਕੀਨ ਹੁੰਦਾ ਹੈ ਕਿ ਉਹ ਵਿਚਾਰ ਦੇ ਮਾਮਲੇ ਹਨ।

ਕੀ ਇਸ ਦਾ ਅਰਥ ਇਹ ਹੈ ਕਿ ਰੋਮੀਆਂ 14:1—15:13 ਵਿੱਚ ਅੱਜ ਸਾਨੂੰ ਕਹਿਣ ਦੇ ਲਈ ਬਹੁਤ ਹੀ ਘੱਟ ਹੈ? ਬਿਲਕੁਲ ਨਹੀਂ। ਚਰਚ ਵਿੱਚ, *ਕਈ ਵਾਰ* ਅਸੀਂ ਉਨ੍ਹਾਂ ਮੁੱਦਿਆਂ ਦੇ ਨਾਲ ਅਸਹਿਮਤ ਹੁੰਦੇ ਹਾਂ ਜੋ ਵਿਸ਼ਵਾਸ ਦੇ ਨਾਲ ਜੁੜੇ ਹੁੰਦੇ ਹਨ, ਪਰ ਅਸੀਂ *ਅਕਸਰ* ਉਨ੍ਹਾਂ ਮਾਮਲਿਆਂ ਦੇ ਨਾਲ ਅਸਹਿਮਤ ਹੁੰਦੇ ਹਾਂ ਜਿਨ੍ਹਾਂ ਦੇ ਬਾਰੇ ਜ਼ਿਆਦਾਤਰ ਹਿੱਸਾ ਲੈਣ ਵਾਲਿਆਂ ਨੂੰ (ਅਣਿੱਛਾ ਦੇ ਨਾਲ) ਇਹ ਜ਼ਰੂਰ ਮੰਨਣਾ ਪੈਂਦਾ ਹੈ ਕਿ ਉਹ ਮਾਮਲੇ ਵਿਚਾਰ ਦੇ ਖੇਤਰ ਵਿੱਚ ਆਉਂਦੇ ਹਨ। ਆਪਣੇ ਜੀਵਨ ਕਾਲ ਦੇ ਵਿੱਚ, ਮੈਂ ਬਹੁਤ ਹੀ ਘੱਟ ਵਾਰ ਸਿਧਾਂਤਿਕ ਮੁੱਦਿਆਂ ਦੇ ਕਾਰਣ ਚਰਚਾਂ ਨੂੰ ਭਾਗਾਂ ਵਿੱਚ ਵੰਡਦੇ ਹੋਏ ਵੇਖਿਆ ਹੈ। ਉਸ ਦੇ ਨਾਲ ਨਾਲ, ਮੈਂ ਸੈਂਕੜਿਆਂ ਵਾਰ ਵਿਚਾਰ ਦੇ ਮਾਮਲਿਆਂ ਦੇ ਦੁਆਰਾ ਕਲੀਸਿਆਵਾਂ ਦੀ ਇਕਸੁਰਤਾ ਨੂੰ ਤਬਾਹ ਹੁੰਦਾ ਵੇਖਿਆ ਹੈ।

ਇਹ ਕਹਿਣ ਤੋਂ ਬਾਅਦ, ਮੇਰਾ ਇਹ ਵਿਸ਼ਵਾਸ ਹੈ ਕਿ ਅਸੀਂ ਹਵਾਲੇ ਵਿੱਚੋਂ ਕੁਝ ਜਨਰਲ *ਸਿਧਾਂਤਾਂ* ਨੂੰ ਕੱਢ ਸਕਦੇ ਹਾਂ ਜੋ ਸਾਨੂੰ *ਕਿਸੇ* ਵੀ ਸਮੇਂ ਜਦੋਂ ਵੀ ਅਸੀਂ ਆਪਣੇ ਭਾਈ ਨਾਲ ਅਸਹਿਮਤ ਹੁੰਦੇ ਹਾਂ, ਭਾਵੇਂ ਇਹ ਸਾਡੇ ਲਈ ਵਿਚਾਰ ਦਾ ਇੱਕ ਮਾਮਲਾ ਹੋਵੇ ਜਾਂ ਵਿਸ਼ਵਾਸ ਦਾ ਇੱਕ ਪ੍ਰਸ਼ਨ ਇਹ ਸਾਨੂੰ ਦਿਸ਼ਾ ਨਿਰਦੇਸ਼ ਦੇਣ। ਇੱਥੇ ਉਹ ਸਿਧਾਂਤ ਵੀ ਹਨ ਜੋ ਕਿਸੇ ਵੀ ਸਮੇਂ ਜਦੋਂ ਵੀ ਅਸੀਂ ਦੂਜੇ ਲੋਕਾਂ ਦੇ ਨਾਲ ਅਸਹਿਮਤ ਹੁੰਦੇ ਹਾਂ ਸਹਾਇਕ ਸਿੱਧ ਹੋ ਸਕਦੇ ਹਨ, ਭਾਵੇਂ ਸਥਿਤੀ ਕੋਈ ਵੀ ਕਿਉਂ ਨਾ ਹੋਵੇ। ਜੋ ਸਿਧਾਂਤ ਇੱਥੇ ਪਾਏ ਜਾਂਦੇ ਹਨ ਉਹ ਸਿਰਫ ਚਰਚਾਂ ਦੀ ਹੀ ਮਦਦ ਨਹੀਂ ਕਰਦੇ ਹਨ; ਉਹ ਵਿਆਹਾਂ, ਪਰਿਵਾਰਾਂ, ਅਤੇ ਸਮਾਜਾਂ ਦੀ ਸੇਵਾ ਵੀ ਕਰ ਸਕਦੇ ਹਨ।

ਰੋਮੀਆਂ 14:1—15:13 ਦਾ ਵਿਸ਼ਾ ਹੈ "ਇੱਕ ਦੂਜੇ ਨੂੰ ਸਵੀਕਾਰ ਕਰਨਾ।" ਹਵਾਲਾ ਸ਼ੁਰੂ ਹੁੰਦਾ ਹੈ, "ਜਿਹੜਾ ਕੋਈ ਨਿਹਚਾ ਵਿੱਚ ਕੱਚਾ ਹੈ ਉਹ ਨੂੰ ਆਪਣੀ ਸੰਗਤ ਵਿੱਚ ਰਲਾ ਤਾਂ ਲਓ" (14:1)। ਬਾਅਦ ਵਿੱਚ, ਹਵਾਲੇ ਦੇ ਅੰਤ ਦੇ ਨੇੜੇ, ਇਹ ਕਹਿੰਦਾ ਹੈ, "ਇਸੇ ਕਾਰਨ ਤੁਸੀਂ ਇੱਕ ਦੂਏ ਨੂੰ *ਕਬੂਲ* ਕਰੋ ਜਿਵੇਂ ਮਸੀਹ ਨੇ ਵੀ ਤੁਹਾਨੂੰ *ਕਬੂਲ* ਕੀਤਾ ਭਈ ਪਰਮੇਸ਼ੁਰ ਦੀ ਵਡਿਆਈ ਹੋਵੇ।" (15:7; ਜ਼ੋਰ ਦਿੱਤਾ ਗਿਆ ਹੈ)। ਇਸ ਮੂਲਪਾਠ ਦੀ ਕਬੂਲ ਕਰਨ ਸੰਬੰਧੀ ਚਰਚਾ ਚਾਰ ਮੁੱਖ ਸਿਰਲੇਖਾਂ ਦੇ ਅਧੀਨ ਕੀਤੀ ਜਾਵੇਗੀ: "ਅਜ਼ਾਦੀ ਵਿੱਚ" (14:1–12), "ਪ੍ਰੇਮ ਵਿੱਚ" (14:13–18), "ਸ਼ਾਂਤੀ ਵਿੱਚ" (14:19–23), ਅਤੇ "ਏਕਤਾ ਵਿੱਚ" (15:1–13)।

## ਇੱਕ ਦੂਜੇ ਨੂੰ ਅਜ਼ਾਦੀ ਵਿੱਚ ਸਵੀਕਾਰ ਕਰਨਾ (14:1-12)

### ਭੋਜਨ ਦੇ ਵਿਸ਼ੇ ਵਿੱਚ (14:1-4)

**1ਜਿਹੜਾ ਕੋਈ ਨਿਹਚਾ ਵਿੱਚ ਕੱਚਾ ਹੈ ਉਹ ਨੂੰ ਆਪਣੀ ਸੰਗਤ ਵਿੱਚ ਰਲਾ ਤਾਂ ਲਓ ਪਰ**

**ਭਰਮਾਂ ਦੇ ਵਿਖੇ ਫ਼ੈਸਲੇ ਲਈ ਨਹੀਂ। [2]ਇੱਕ ਨੂੰ ਨਿਹਚਾ ਹੈ ਭਈ ਹਰ ਵਸਤ ਦਾ ਖਾਣਾ ਜੋਗ ਹੈ ਪਰ ਜਿਹੜਾ ਕੱਚਾ ਹੈ ਉਹ ਸਾਗ ਪੱਤ ਹੀ ਖਾਂਦਾ ਹੈ। [3]ਜਿਹੜਾ ਖਾਣ ਵਾਲਾ ਹੈ ਉਹ ਨਾ ਖਾਣ ਵਾਲੇ ਨੂੰ ਤੁੱਛ ਨਾ ਜਾਣੇ ਅਤੇ ਜਿਹੜਾ ਨਾ ਖਾਣ ਵਾਲਾ ਹੈ ਉਹ ਖਾਣ ਵਾਲੇ ਉੱਤੇ ਦੋਸ਼ ਨਾ ਲਾਵੇ ਕਿਉਂ ਜੋ ਪਰਮੇਸ਼ੁਰ ਨੇ ਉਹ ਨੂੰ ਕਬੂਲ ਕਰ ਲਿਆ ਹੈ। [4]ਤੂੰ ਪਰਾਏ ਟਹਿਲੂਏ ਉੱਤੇ ਦੋਸ਼ ਲਾਉਣ ਵਾਲਾ ਕੌਣ ਹੁੰਦਾ ਹੈਂ? ਉਹ ਤਾਂ ਆਪਣੇ ਹੀ ਮਾਲਕ ਦੇ ਅੱਗੇ ਖਲ੍ਹਿਆਰਿਆ ਰਹਿੰਦਾ ਅਥਵਾ ਡਿੱਗ ਪੈਂਦਾ ਹੈ ਪਰ ਉਹ ਖਲ੍ਹਿਆਰਿਆ ਰਹੇਗਾ ਕਿਉਂ ਜੋ ਪ੍ਰਭੂ ਉਹ ਦੇ ਖਲ੍ਹਿਆਰਨ ਨੂੰ ਸਮਰਥ ਹੈ।**

**ਆਇਤ 1.** ਜਦੋਂ ਅਸੀਂ ਸ਼ੁੱਧ ਵਿਵੇਕ ਦੇ ਨਾਲ ਵਿਚਾਰ ਦੇ ਮਾਮਲਿਆਂ ਦੇ ਨਾਲ ਅਸਹਿਮਤ ਹਾਂ, ਤਾਂ ਸਾਨੂੰ ਇੱਕ ਦੂਜੇ ਦੇ ਨਾਲ ਕਿਹੋ ਜਿਹਾ ਵਿਹਾਰ ਕਰਨਾ ਚਾਹੀਦਾ ਹੈ? ਪੌਲੁਸ ਨੇ ਪਹਿਲੀ ਚੁਨੌਤੀ "ਮਜ਼ਬੂਤ" ਭਾਈਆਂ ਨੂੰ ਦਿੱਤੀ: **ਜਿਹੜਾ ਕੋਈ ਨਿਹਚਾ ਵਿੱਚ ਕੱਚਾ ਹੈ ਉਹ ਨੂੰ ਆਪਣੀ ਸੰਗਤ ਵਿੱਚ ਰਲਾ ਤਾਂ ਲਓ।** "ਵਿੱਚ ਰਲਾ ਤਾਂ ਲਓ" προσλαμβάνω (*ਪ੍ਰੋਸਲਾਮਬਾਨੋ*) ਤੋਂ ਆਇਆ ਹੈ, ਜੋ πρός (*ਪ੍ਰੋਸ,* "ਵਿੱਚ") ਅਤੇ λαμβάνω (*ਲਾਮਬਾਨੋ,* "ਰਲਾ ਤਾਂ ਲਓ") ਦੇ ਸੁਮੇਲ ਤੋਂ ਬਣਿਆ ਹੈ। ਇਸ ਦਾ ਅਰਥ ਹੈ "ਆਪਣੇ ਆਪ ਦੇ ਲਈ ਲੈਣਾ।" ਸ਼ਬਦ ਗ੍ਰਹਿਣ ਕਰਨ ਵਾਲੇ ਦੇ ਵੱਲੋਂ "ਇੱਕ ਵਿਸ਼ੇਸ਼ ਦਿਲਚਸਪੀ, ਇੱਕ *ਸਵਾਗਤ* ਦਾ ਸੁਝਾਅ" ਦੇ ਰਿਹਾ ਹੈ।[10] ਉਨ੍ਹਾਂ ਨੂੰ ਆਪਣੀ ਸੰਗਤੀ ਦੇ ਵਿੱਚ ਰਲਾ ਲਓ, ਰੰਜ ਜਾਂ ਬੇਦਿਲੀ ਦੇ ਨਾਲ ਨਹੀਂ, ਪਰ ਫੈਲਾਈਆਂ ਹੋਈਆਂ ਬਾਹਾਂ ਅਤੇ ਖੁੱਲ੍ਹੇ ਦਿਲਾਂ ਦੇ ਨਾਲ।

"ਨਿਹਚਾ ਵਿੱਚ ਕੱਚਾ" ਵਾਕ ਤੋਂ ਪੌਲੁਸ ਦਾ ਕੀ ਭਾਵ ਹੈ? ਯੂਨਾਨੀ ਮੂਲਪਾਠ ਵਿੱਚ, ਸ਼ਬਦ "ਨਿਹਚਾ" ਦੇ ਅੱਗੇ ਇੱਕ ਨਿਸ਼ਚਿਤ ਉਪਪਦ ਹੈ (ਵੇਖੋ KJV; McCord)। ਸ਼ਬਦ "ਵਿਸ਼ਵਾਸ" ਨਵੇਂ ਨੇਮ ਵਿੱਚ ਅਕਸਰ ਉਨ੍ਹਾਂ ਸਿੱਖਿਆਵਾਂ ਦੇ ਸੰਗ੍ਰਹਿ ਨੂੰ ਦਰਸਾਉਣ ਦੇ ਲਈ ਇਸਤੇਮਾਲ ਕੀਤਾ ਗਿਆ ਹੈ ਜੋ ਯਿਸੂ ਵਿੱਚ ਵਿਸ਼ਵਾਸ ਤੇ ਕੇਂਦ੍ਰਿਤ ਹਨ (ਉਦਾਹਰਣ ਦੇ ਤੌਰ ਤੇ, ਵੇਖੋ ਗਲਾਤੀਆਂ 1:23)। ਇਸ ਲਈ, "[the] ਨਿਹਚਾ ਵਿੱਚ ਕੱਚਾ" ਉਸ ਮਸੀਹੀ ਨੂੰ ਦਰਸਾਉਂਦਾ ਹੈ ਜਿਸ ਨੂੰ ਬਾਈਬਲ ਦਾ ਜ਼ਿਆਦਾ ਗਿਆਨ ਨਹੀਂ ਹੈ-ਸ਼ਾਇਦ ਇੱਕ ਨਵਾਂ ਵਿਸ਼ਵਾਸੀ। ਯਕੀਨਨ, ਜਿਨ੍ਹਾਂ ਨੂੰ "[the] ਨਿਹਚਾ ਵਿੱਚ ਕੱਚਾ" ਦੱਸਿਆ ਗਿਆ ਹੈ ਉਹ ਮਸੀਹ ਵਿੱਚ ਉਸ ਅਜ਼ਾਦੀ ਨੂੰ ਸਮਝ ਨਹੀਂ ਸਕਿਆ ਜਿਸ ਦੀ ਸਿੱਖਿਆ ਨਵੇਂ ਨੇਮ ਵਿੱਚ ਦਿੱਤੀ ਗਈ ਸੀ।

ਭਾਵੇਂ, ਇਸ ਹਵਾਲੇ ਵਿੱਚ, ਪਤਰਸ ਸ਼ਬਦ "ਨਿਹਚਾ" ਨੂੰ ਪੱਤ੍ਰੀ ਦੇ ਬਾਕੀ ਭਾਗ ਨਾਲੋਂ ਕੁਝ ਹੱਦ ਤੱਕ ਵੱਖਰੇ ਤਰੀਕੇ ਦੇ ਨਾਲ ਇਸਤੇਮਾਲ ਕਰ ਰਿਹਾ ਹੋ ਸਕਦਾ ਹੈ। ਉਦਾਹਰਣ ਦੇ ਲਈ, ਉਸ ਨੇ ਕਿਹਾ, "ਤੈਨੂੰ ਜਿਹੜੀ ਨਿਹਚਾ ਹੈ ਸੋ ਆਪਣੇ ਲਈ ਪਰਮੇਸ਼ੁਰ ਦੇ ਅੱਗੇ ਰੱਖ" (14:22)। ਦੂਜੇ ਸ਼ਬਦਾਂ ਵਿੱਚ, ਆਪਣੀ "ਨਿਹਚਾ" ਨੂੰ ਵਿਅਕਤੀਗਤ ਰੱਖ। ਕਿਉਂਕਿ ਪੌਲੁਸ ਨੇ *ਕਦੀ* ਵੀ ਮਸੀਹੀਆਂ ਨੂੰ ਆਪਣੇ ਆਪ ਦੇ ਲਈ *ਯਿਸੂ ਤੇ* ਵਿਸ਼ਵਾਸ ਰੱਖਣ ਨਹੀਂ ਕਿਹਾ ਸੀ, ਇਸ ਲਈ ਇਸ ਪ੍ਰਸੰਗ ਵਿੱਚ ਸ਼ਬਦ "ਨਿਹਚਾ" ਦਾ ਵੱਖਰਾ ਅਰਥ ਹੋਣਾ ਚਾਹੀਦਾ ਹੈ। "ਨਿਹਚਾ" ਸ਼ਬਦ ਦਾ ਅਨੁਵਾਦ πίστις (ਪਿਸਟਿਸ) ਤੋਂ ਕੀਤਾ ਗਿਆ ਹੈ, ਜਿਸ ਦਾ ਮੂਲ ਅਰਥ ਪੂਰਾ ਵਿਸ਼ਵਾਸ ਕਰਨਾ ਜਾਂ ਪੂਰਾ ਭਰੋਸਾ ਰੱਖਣਾ ਹੈ (1:16, 17 ਤੇ ਟਿੱਪਣੀਆਂ ਵੇਖੋ)। ਉਹ ਗੱਲ ਜਿਸ ਦੇ ਸੰਬੰਧ ਵਿੱਚ ਕਿਸੇ ਨੂੰ ਯਕੀਨ ਦਿਵਾਇਆ ਜਾਂਦਾ ਹੈ ਉਹ ਸ਼ਬਦ ਦੇ ਵਿੱਚ ਨਹੀਂ ਹੈ, ਇਹ ਜ਼ਰੂਰ ਪ੍ਰਸੰਗ ਦੇ

ਵਿੱਚੋਂ ਆਉਣਾ ਚਾਹੀਦੀ ਹੈ। ਰੋਮੀਆਂ ਦੀ ਪੱਤ੍ਰੀ ਦੇ ਵਧੇਰੇ ਭਾਗ ਵਿੱਚ, ਪੌਲੁਸ ਨੇ ਯਿਸੂ ਮਸੀਹ ਤੇ ਵਿਸ਼ਵਾਸ ਦੇ ਲਈ "ਨਿਹਚਾ" ਸ਼ਬਦ ਨੂੰ ਇਸਤੇਮਾਲ ਕੀਤਾ ਹੈ; ਪਰ ਰੋਮੀਆਂ 14 ਅਧਿਆਇ ਵਿੱਚ ਇਸ ਸ਼ਬਦ ਨੂੰ ਮੁੱਖ ਤੌਰ ਤੇ ਚਰਚਾ ਅਧੀਨ ਵਿਸ਼ੇ ਦੇ ਬਾਰੇ *ਇੱਕ ਮਜ਼ਬੂਤ ਵਿਅਕਤੀਗਤ ਦ੍ਰਿੜ ਵਿਸ਼ਵਾਸ* ਦਾ ਉਲੇਖ ਕਰਨ ਦੇ ਲਈ ਵਰਤਿਆ ਗਿਆ ਹੈ।

ਇਹ ਮਜ਼ਬੂਤ ਵਿਅਕਤੀਗਤ ਵਿਸ਼ਵਾਸ ਪਰਮੇਸ਼ੁਰ ਦੇ ਵਚਨ ਜਾਂ ਵਚਨ ਦੇ ਬਾਰੇ ਕੁਝ ਗਲਤਫਹਿਮੀ ਤੇ ਅਧਾਰਤ ਹੋ ਸਕਦਾ ਹੈ। ਇਸ ਦਾ ਅਧਾਰ ਜਾਣਕਾਰੀ ਜਾਂ ਗਲਤ ਜਾਣਕਾਰੀ ਦਾ ਲਗਭਗ ਕੋਈ ਵੀ ਸਰੋਤ ਜਾਂ ਉਹ ਗੱਲਾਂ ਹੋ ਸਕਦੀਆਂ ਹਨ ਜੋ ਇੱਕ ਵਿਅਕਤੀ ਨੂੰ ਜੀਵਨ ਭਰ ਸਿਖਾਈਆਂ ਜਾਂਦੀਆਂ ਹਨ। ਸਰੋਤ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਪਰ ਉਹ ਵਿਅਕਤੀ ਜੋ ਦ੍ਰਿੜ੍ਹ ਵਿਸ਼ਵਾਸ ਕਰਦਾ ਹੈ ਉਹ ਗੰਭੀਰਤਾ ਦੇ ਨਾਲ ਇਹ ਨਿਸ਼ਚਾ ਕਰਦਾ ਹੈ ਕਿ ਇਹ ਸੱਚ ਹੈ।

ਇਸ ਹਵਾਲੇ ਵਿੱਚ, ਫਿਰ, "*ਨਿਹਚਾ ਵਿੱਚ ਕੱਚਾ*" ਦਾ ਅਰਥ ਹੈ ਕਿ, ਇੱਕ ਵਿਸ਼ਵਾਸੀ ਭਾਈ ਦੇ ਵਾਂਗ ਇੱਕ ਗੰਭੀਰ ਭਾਈ ਜਿਸਦਾ ਕਿਸੇ ਖਾਸ ਗੱਲ ਵਿੱਚ ਵਿਸ਼ਵਾਸ ਹੋਵੇ, ਪਰ ਉਸ ਦੇ ਵਿਸ਼ਵਾਸ ਵਿੱਚ ਕੁਝ *ਗੜਬੜੀ* ਹੋਵੇ। ਜੋ "ਵਿਸ਼ਵਾਸ ਵਿੱਚ *ਮਜ਼ਬੂਤ*" ਹੁੰਦਾ ਹੈ ਉਹ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਦਾ ਵਿਸ਼ਵਾਸ ਇਸ ਖਾਸ ਵਿਸ਼ੇ ਤੇ *ਸਹੀ* ਹੁੰਦਾ ਹੈ।

ਆਪਣੇ ਪਾਠਕਾਂ ਨੂੰ ਇਹ ਹਿਦਾਇਤ ਦੇਣ ਤੋਂ ਬਾਅਦ ਕਿ "ਜਿਹੜਾ ਕੋਈ ਨਿਹਚਾ ਵਿੱਚ ਕੱਚਾ ਹੈ ਉਹ ਨੂੰ ਆਪਣੀ ਸੰਗਤ ਵਿੱਚ ਰਲਾ ਤਾਂ ਲਓ," ਪੌਲੁਸ ਨੇ ਸਪੱਸ਼ਟ ਕੀਤਾ ਕਿ, **ਪਰ ਭਰਮਾਂ ਦੇ ਵਿਖੇ ਫ਼ੈਸਲੇ ਲਈ ਨਹੀਂ**। ਦੂਜੇ ਸ਼ਬਦਾਂ ਵਿੱਚ, ਉਸ ਨੂੰ ਆਪਣੀ ਸੰਗਤ ਵਿੱਚ ਸਿਰਫ ਇਸ ਲਈ ਨਾ ਬੁਲਾਓ ਕਿ ਤੁਹਾਨੂੰ ਇਹ ਵਿਖਾਉਣ ਦਾ ਮੌਕਾ ਮਿਲੇ ਕਿ ਉਹ ਕਿੰਨਾ ਗਲਤ ਹੈ। JB ਕਹਿੰਦਾ ਹੈ ". . . ਇੱਕ ਦਲੀਲ ਸ਼ੁਰੂ ਕਰਨ ਤੋਂ ਬਿਨਾਂ ਉਸ ਦਾ ਸਵਾਗਤ ਕਰੋ।"

**ਆਇਤ 2.** ਰਸੂਲ ਨੇ ਅੱਗੇ ਕਿਹਾ, **ਇੱਕ** [ਇੱਕ "ਮਜ਼ਬੂਤ" ਭਾਈ] **ਨੂੰ ਨਿਹਚਾ ਹੈ** [ਇੱਕ ਮਜ਼ਬੂਤ ਵਿਸ਼ਵਾਸ] **ਭਈ ਹਰ ਵਸਤ ਦਾ ਖਾਣਾ ਜੋਗ ਹੈ** [ਮਾਸ ਸ਼ਾਮਲ ਹੈ] **ਪਰ ਜਿਹੜਾ ਕੱਚਾ ਹੈ ਉਹ ਸਾਗ ਪੱਤ ਹੀ ਖਾਂਦਾ ਹੈ।** ਕਈ ਲੋਕ ਸਿਹਤ ਦੇ ਸੰਬੰਧੀ ਕਾਰਣਾਂ ਕਰ ਕੇ ਮਾਸ ਤੋਂ ਪਰਹੇਜ਼ ਕਰਦੇ ਹਨ, ਪਰ ਇਹ ਆਇਤ ਸਿਹਤ ਦੇ ਸੰਬੰਧ ਵਿੱਚ ਨਹੀਂ, ਸਗੋਂ ਧਾਰਮਿਕ ਸੰਦੇਹਾਂ ਦੇ ਸੰਬੰਧ ਵਿੱਚ ਚਰਚਾ ਕਰ ਰਹੀ ਹੈ। ਜਿਵੇਂ ਕਿ ਪਹਿਲਾਂ ਤੋਂ ਹੀ ਦੱਸਿਆ ਗਿਆ ਹੈ, ਸ਼ਾਕਾਹਾਰੀ ਲੋਕ ਯਹੂਦੀ ਮਸੀਹੀ ਰਹੇ ਹੋ ਸਕਦੇ ਜੋ ਗੈਰ ਕੋਸ਼ਰ ਮਾਸ ਖਾਣ ਤੋਂ ਇਨਕਾਰ ਕਰਦੇ ਸਨ। ਸ਼ਾਇਦ ਸ਼ਾਕਾਹਾਰੀ ਲੋਕ ਗੈਰ ਯਹੂਦੀ ਮਸੀਹੀ ਸਨ ਜੋ ਇਸ ਗੱਲ ਨੂੰ ਜਾਣਦੇ ਸਨ ਕਿ ਉਹ ਮਾਸ ਜੋ ਬਾਜ਼ਾਰ ਵਿੱਚ ਵਿਕਦਾ ਸੀ ਉਸ ਵਿੱਚੋਂ ਕੁਝ ਮਾਸ ਮੂਰਤੀਆਂ ਨੂੰ ਭੇਂਟ ਚੜ੍ਹਾਇਆ ਜਾ ਚੁੱਕਾ ਸੀ।

ਮੂਰਤੀਆਂ ਨੂੰ ਭੇਂਟ ਕੀਤਾ ਗਿਆ ਮਾਸ ਬਾਜ਼ਾਰ ਵਿੱਚ ਕਿਵੇਂ ਆਇਆ ਸੀ? ਇੱਕ ਬੁੱਤ ਪੂਜਕ ਇੱਕ ਜਾਨਵਰ ਨੂੰ ਮੰਦਰ ਦੇ ਵਿੱਚ ਲਿਆਉਂਦਾ ਸੀ, ਜਿੱਥੇ ਇਸ ਨੂੰ ਇੱਕ ਬੁੱਤ ਪ੍ਰਸਤਾਂ ਦੇ ਦੇਵਤੇ ਨੂੰ ਚੜ੍ਹਾਇਆ ਜਾਂਦਾ ਸੀ। ਇੱਕ ਪੁਜਾਰੀ ਜਾਨਵਰ ਨੂੰ ਬਲੀ ਕਰ ਕੇ ਉਸ ਦੇ ਕੁਝ ਚੁਣੇ ਹੋਏ ਟੁਕੜਿਆਂ ਨੂੰ ਜਗਵੇਦੀ ਉੱਤੇ ਰੱਖਦਾ ਸੀ। ਬਚੇ ਹੋਏ ਭਾਗ ਵਿੱਚੋਂ ਪੁਜਾਰੀ ਆਪਣੇ ਲਈ ਕੁਝ ਲੈ ਲੈਂਦਾ ਸੀ, ਅਤੇ ਬਾਕੀ ਨੂੰ ਕਮਾਈ ਦੇ ਇੱਕ ਸਰੋਤ ਵਜੋਂ ਬਾਜ਼ਾਰ ਵਿੱਚ ਭੇਜਿਆ ਜਾਂਦਾ ਸੀ। ਮੂਰਤੀਪੂਜਾ ਵਿੱਚੋਂ ਲਿਆ ਹੋਇਆ ਹੋਣ ਦੇ ਕਾਰਣ, ਗੈਰ ਯਹੂਦੀ ਮਸੀਹੀਆਂ ਦੇ ਲਈ, ਇਸ ਨੂੰ ਇਹ ਸੋਚੇ ਬਿਨਾਂ ਖਾ ਸਕਣਾ ਕਿ ਇਹ ਮੂਰਤੀਆਂ ਦੇ ਨਾਲ ਸੰਬੰਧਤ ਹੈ ਬਹੁਤ ਹੀ ਔਖਾ ਸੀ (ਵੇਖੋ 1 ਕੁਰੰਥੀਆਂ 8:7)।

ਇਸ ਤੋਂ ਬਚਣ ਦੇ ਲਈ, ਕੁਝ ਲੋਕ ਮਾਸ ਬਿਲਕੁਲ ਨਹੀਂ ਖਾਂਦੇ ਸਨ।

ਜੇਕਰ "ਕਮਜ਼ੋਰ" ਭਾਈ ਸ਼ਰਾ ਨੂੰ ਮੰਨਣ ਵਾਲਾ ਇੱਕ ਯਹੂਦੀ ਸੀ, ਤਾਂ "ਮਜ਼ਬੂਤ" ਭਾਈ ਉਹ ਸੀ ਜੋ ਇਸ ਗੱਲ ਨੂੰ ਸਮਝਦਾ ਸੀ ਕਿ ਮਸੀਹੀ ਹੁਣ ਅਗਾਂਹ ਤੋਂ ਮੂਸਾ ਦੀ ਸ਼ਰਾ ਦੇ ਵਿੱਚ ਬੱਧੇ ਹੋਏ ਨਹੀਂ ਸਨ (ਵੇਖੋ 7:4, 6)। ਮਾਸ ਨੂੰ ਕੋਸ਼ਰ ਦੀਆਂ ਲੋੜਾਂ ਪੂਰੀਆਂ ਕਰਨ ਦੀ ਲੋੜ ਨਹੀਂ ਸੀ। ਜੇਕਰ "ਕਮਜ਼ੋਰ" ਭਾਈ ਇੱਕ ਗੈਰ ਯਹੂਦੀ ਮਸੀਹੀ ਸੀ ਜੋ ਮੂਰਤੀਆਂ ਨੂੰ ਭੇਂਟ ਕੀਤੇ ਮਾਸ ਦੇ ਪ੍ਰਤਿ ਬਹੁਤ ਹੀ ਜ਼ਿਆਦਾ ਚਿੰਤਾ ਕਰਦਾ ਸੀ, ਤਾਂ "ਮਜ਼ਬੂਤ" ਭਾਈ ਉਹ ਸੀ ਜੋ ਇਹ ਸਮਝਦਾ ਸੀ ਕਿ ਇੱਕ ਮੂਰਤੀ ਕੁਝ ਵੀ ਨਹੀਂ ਹੈ (ਵੇਖੋ 1 ਕੁਰਿੰਥੀਆਂ 8:4) ਅਤੇ ਇਸ ਲਈ, ਉਹ ਜਾਨਵਰ ਦੀ ਬਲੀਦਾਨ ਜੋ ਇੱਕ ਮੂਰਤੀ ਦੇ ਸਾਹਮਣੇ ਕੀਤਾ ਜਾਂਦਾ ਹੈ ਕਿਸੇ ਵੀ ਤਰ੍ਹਾਂ ਮਾਸ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ। ਥੋੜ੍ਹਾ ਬਾਅਦ ਰੋਮੀਆਂ 14 ਅਧਿਆਇ ਵਿੱਚ, ਪੌਲੁਸ ਨੇ ਕਿਹਾ ਕਿ "ਕੋਈ ਵਸਤ [ਕੋਈ ਭੋਜਨ ਵਸਤ] ਆਪ ਤੋਂ ਆਪ ਅਸ਼ੁੱਧ ਨਹੀਂ" (14:14; ਵੇਖੋ ਮਰਕੁਸ 7:19)। ਤਿਮੋਥਿਉਸ ਦੇ ਨਾਮ ਪੌਲੁਸ ਦੀ ਪਹਿਲੀ ਪੱਤ੍ਰੀ ਵਿੱਚ, ਉਹ ਬੋਲਿਆ "ਉਨ੍ਹਾਂ ਭੋਜਨਾਂ ਦੇ ਖਾਣ ਤੋਂ ਮਨੇ ਕਰਦੇ ਹਨ ਜੋ ਪਰਮੇਸ਼ੁਰ ਨੇ ਉਤਪਤ ਕੀਤੇ ਹੋਏ ਹਨ" ਅਤੇ ਕਿਹਾ ਕਿ "ਕਿਉਂ ਜੋ ਪਰਮੇਸ਼ੁਰ ਦੀ ਉਤਪਤ ਕੀਤੀ ਹੋਈ ਹਰੇਕ ਵਸਤ ਚੰਗੀ ਹੈ ਅਤੇ ਕੋਈ ਤਿਆਗਣ ਦੇ ਜੋਗ ਨਹੀਂ ਜੇ ਕਦੇ ਉਹ ਧੰਨਵਾਦ ਨਾਲ ਲਈ ਜਾਵੇ" (1 ਤਿਮੋਥਿਉਸ 4:3, 4)। ਮਾਸ ਖਾਣ ਦੇ ਸੰਬੰਧ ਵਿੱਚ, "ਮਜ਼ਬੂਤ" ਭਾਈ ਇਸ ਨੂੰ ਸਮਝਦਾ ਹੈ, ਜਦਕਿ "ਕਮਜ਼ੋਰ" ਭਾਈ ਨੂੰ ਇਸ ਮਾਮਲੇ ਵਿੱਚ ਗਿਆਨ ਅਤੇ ਅੰਤਰਦ੍ਰਿਸ਼ਟੀ ਦੀ ਕਮੀ ਸੀ (ਵੇਖੋ 1 ਕੁਰਿੰਥੀਆਂ 8:7)।

"ਵਿਵੇਕ" ਦੇ ਲਈ ਯੂਨਾਨੀ ਸ਼ਬਦ (συνείδησις, *ਸੁਨੇਆਈਡੇਸਿਸ*) ਰੋਮੀਆਂ 14:1—15:13 ਵਿੱਚ ਨਹੀਂ ਪਾਇਆ ਜਾਂਦਾ ਹੈ, ਪਰ ਇੱਥੇ ਸਿਧਾਂਤ ਪਾਇਆ ਜਾਂਦਾ ਹੈ। NLT ਅਨੁਵਾਦ ਹੈ "ਕੌਣ ਕਮਜ਼ੋਰ ਹੈ" ਜਿਵੇਂ 14:2 ਵਿੱਚ "ਜਿਹੜਾ ਕੱਚਾ ਹੈ।"[11] "ਕਮਜ਼ੋਰ" ਭਾਈ ਸ਼ੁੱਧ ਅੰਤਹਕਰਣ ਦੇ ਦੁਆਰਾ ਮਾਸ ਨਹੀਂ ਖਾ ਸਕਦਾ ਸੀ, ਜਦਕਿ ਇਸ ਨੇ "ਮਜ਼ਬੂਤ" ਭਾਈ ਦੇ ਵਿਵੇਕ ਨੂੰ ਅਪਵਿੱਤਰ ਨਹੀਂ ਕੀਤਾ ਸੀ।

**ਆਇਤ 3.** ਪੌਲੁਸ ਪਹਿਲਾਂ "ਮਜ਼ਬੂਤ" ਨੂੰ ਸੰਬੋਧਤ ਕਰਦਾ ਹੈ: **ਜਿਹੜਾ** [ਮਾਸ] **ਖਾਣ ਵਾਲਾ ਹੈ ਉਹ ਨਾ ਖਾਣ ਵਾਲੇ ਨੂੰ ਤੁੱਛ ਨਾ ਜਾਣੇ ਅਤੇ ਜਿਹੜਾ ਨਾ ਖਾਣ ਵਾਲਾ ਹੈ ਉਹ** [ਮਾਸ] **ਖਾਣ ਵਾਲੇ ਉੱਤੇ ਦੋਸ਼ ਨਾ ਲਾਵੇ।** "ਤੁੱਛ ਨਾ ਜਾਣੇ" ਇੱਕ ਮਜ਼ਬੂਤ ਸ਼ਬਦ, ἐξουθενέω (ਐਕਸਓਥੇਨੀਓ) ਤੋਂ ਹੈ, ਜਿਸਦਾ ਅਰਥ ਹੈ "ਪੂਰੀ ਤਰ੍ਹਾਂ ਨਾਲ ਨਫ਼ਰਤ ਕਰਨੀ," ਕਿਸੇ ਦੇ ਨਾਲ ਇਸ ਤਰ੍ਹਾਂ ਦਾ ਵਿਵਹਾਕ ਕਰਨਾ ਜਿਵੇਂ ਉਹ ਕੁਝ ਵੀ ਨਾ ਹੋਵੇ।[12] ਇਹ ἐκ (*ਏਕ*, "ਬਾਹਰ ਕੱਢ ਦੇਣਾ") ਅਤੇ οὐδέν (*ਆਊਡਨ*, "ਕੁਝ ਵੀ ਨਾ ਹੋਣਾ") ਦਾ ਸੁਮੇਲ ਹੈ। ਚੇਤਾਵਨੀ "ਕਮਜ਼ੋਰ" ਭਾਈ ਨੂੰ ਤੁੱਛ ਸਮਝਣ ਦੇ ਵਿਰੁੱਧ ਹੈ।

ਫਿਰ ਪੌਲੁਸ ਨੇ ਆਪਣਾ ਧਿਆਨ ਉਨ੍ਹਾਂ ਵੱਲ ਦਿੱਤਾ ਜਿਨ੍ਹਾਂ ਉੱਤੇ "ਕਮਜ਼ੋਰ" ਹੋਣ ਦਾ ਲੇਬਲ ਲਾ ਦਿੱਤਾ ਗਿਆ ਸੀ: **ਜਿਹੜਾ** [ਮਾਸ] **ਖਾਣ ਵਾਲਾ ਹੈ ਉਹ ਨਾ ਖਾਣ ਵਾਲੇ ਨੂੰ ਤੁੱਛ ਨਾ ਜਾਣੇ ਅਤੇ ਜਿਹੜਾ ਨਾ ਖਾਣ ਵਾਲਾ ਹੈ ਉਹ** [ਮਾਸ] **ਖਾਣ ਵਾਲੇ ਉੱਤੇ ਦੋਸ਼ ਨਾ ਲਾਵੇ।** ਇਸ ਅਧਿਆਇ ਵਿੱਚ ਪੌਲੁਸ ਨੇ ਦੋਸ਼ ਲਾਉਣ ਦੇ ਵਿਸ਼ੇ ਵਿੱਚ ਬਹੁਤ ਕੁਝ ਕਿਹਾ ਹੈ (14:1, 3, 4, 10, 13[13])। "ਦੋਸ਼ ਲਾਉਣਾ" ਸ਼ਬਦ κρίνω (*ਕਰੀਨੋ*) ਤੋਂ ਹੈ, ਜਿਸ ਦਾ ਅਰਥ ਹੈ "ਨਿਰਧਾਰਤ ਕਰਨ ਦੇ

ਲਈ,"[14] ਇੱਕ ਨਿਆਂ ਕਰਨਾ। ਕਰੀਨੋ ਹਮੇਸ਼ਾ ਨਾਕਾਰਾਤਮਕ ਅਰਥ ਦੇ ਵਿੱਚ ਇਸਤੇਮਾਲ ਨਹੀਂ ਕੀਤਾ ਗਿਆ ਹੈ। ਉਦਾਹਰਣ ਦੇ ਲਈ, ਰੋਮੀਆਂ 14 ਅਧਿਆਇ ਦੀ, ਆਇਤ 5 ਵਿੱਚ ਇਸਦਾ ਅਨੁਵਾਦ "ਚੰਗਾ ਸਮਝਦਾ" ਕੀਤਾ ਗਿਆ ਹੈ ਅਤੇ ਆਇਤ 13 ਵਿੱਚ "ਵਿਚਾਰੋ" ਕੀਤਾ ਗਿਆ ਹੈ। ਅਸੀਂ ਰੋਮੀਆਂ 16:17 ਵਿਚਲੇ ਪੌਲੁਸ ਦੇ ਹੁਕਮ ਦੀ ਉਸ ਸਮੇਂ ਤੱਕ ਪਾਲਣਾ ਨਹੀਂ ਕਰ ਸਕਦੇ ਹਾਂ ਜਦੋਂ ਤੱਕ ਅਸੀਂ ਉਨ੍ਹਾਂ ਲੋਕਾਂ ਦੇ ਸੰਬੰਧ ਵਿੱਚ ਨਿਰਣਾ ਨਾ ਕਰ ਲਈਏ ਜੋ ਉਸ ਦੇ ਵਰਣਨ ਵਿੱਚ ਫਿਟ ਹੁੰਦੇ ਹਨ। ਪਰ, *ਕਰੀਨੋ* ਅਕਸਰ ਨਾਕਾਰਾਤਮਕ ਤੌਰ ਤੇ ਇੱਕ ਪ੍ਰਤਿਕੂਲ ਸਜ਼ਾ ਲਾਗੂ ਕਰਨ, ਨਿੰਦਾ ਕਰਨ, ਦੋਸ਼ ਲੱਭਣ ਅਤੇ/ਜਾਂ ਨਿਕੰਮਾ ਠਹਿਰਾਉਣ ਨੂੰ ਪਰਗਟ ਕਰਨ ਦੇ ਲਈ ਵਰਤਿਆ ਜਾਂਦਾ ਹੈ-ਅਤੇ ਇੱਥੇ ਵੀ ਇਹੋ ਮਾਮਲਾ ਹੈ। 14:3 ਵਿੱਚ, AB ਕਹਿੰਦਾ ਹੈ, "ਜੋ [ਮੀਟ ਖਾਣ ਤੋਂ] ਇਨਕਾਰ ਕਰਦਾ ਹੈ ਉਹ ਖਾਣ ਵਾਲੇ ਦੀ ਨਿੰਦਾ ਨਾ ਕਰੇ ਜਾਂ ਉਸ ਉੱਤੇ ਦੋਸ਼ ਨਾ ਲਾਵੇ।" (ਵਧੇਰੇ ਅਧਿਐਨ ਦੇ ਲਈ ਵੇਖੋ: *"ਦੋਸ਼ ਲਾਉਣਾ"* [ਕਰੀਨੋ] *ਉੱਤੇ ਇੱਕ ਸ਼ਬਦ ਅਧਿਐਨ,* ਪੇਜ 117–119.)

ਇੱਕ ਭਾਈ ਨੂੰ ਦੂਜੇ ਭਾਈ ਤੇ ਦੋਸ਼ ਲਾਉਣ ਤੋਂ ਬਚਣਾ ਚਾਹੀਦਾ ਹੈ, **ਕਿਉਂ ਜੋ ਪਰਮੇਸ਼ੁਰ ਨੇ ਉਹ ਨੂੰ ਕਬੂਲ ਕਰ ਲਿਆ ਹੈ।** ਜਦੋਂ ਇੱਕ ਭਾਈ ਇੱਕ ਮਸੀਹੀ ਬਣ ਜਾਂਦਾਹੈ, ਤਾਂ ਪਰਮੇਸ਼ੁਰ ਉਸ ਨੂੰ ਆਪਣੇ ਬੱਚੇ ਦੇ ਰੂਪ ਵਿੱਚ ਕਬੂਲ ਕਰ ਲੈਂਦਾ ਹੈ। "ਕਬੂਲ ਕਰ ਲਿਆ ਹੈ" ਦਾ ਅਨੁਵਾਦ ਪ੍ਰੋਸਲਾਮਬਾਨੋ ਤੋਂ ਕੀਤਾ ਗਿਆ ਹੈ, ਉਹੀ ਯੂਨਾਨੀ ਸ਼ਬਦ ਜੋ ਆਇਤ 1 ਵਿੱਚ ਵਰਤਿਆ ਗਿਆ ਸੀ। ਇਹ ਵਿਚਾਰ ਉਪਪਦ ਵਿੱਚ ਵਰਤਿਆ ਗਿਆ ਹੈ: ਜੇ ਪਰਮੇਸ਼ੁਰ ਨੇ ਉਸ ਨੂੰ ਸਵੀਕਾਰ ਕਰ ਲਿਆ ਹੈ ਤਾਂ ਸਾਨੂੰ ਵੀ ਉਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਜਿਮੀ ਐਲਨ ਨੇ ਕਿਹਾ ਕਿ "ਮਸੀਹ ਨੇ . . . ਮੋਹਕਿਆਂ ਅਤੇ ਸਭ ਕਾਸੇ ਦੇ ਹੁੰਦਿਆਂ ਹੋਇਆਂ ਵੀ ਸਾਡਾ ਸਵਾਗਤ ਕੀਤਾ", "ਉਸ ਦਾ ਕਹਿਣਾ ਹੈ ਕਿ ਸਾਨੂੰ ਵੀ ਇਸੇ ਤਰ੍ਹਾਂ ਇੱਕ ਦੂਜੇ ਦਾ ਧਿਆਨ ਰੱਖਣਾ ਚਾਹੀਦਾ ਹੈ।"[15]

ਪੌਲੁਸ ਇਹ ਸੁਝਾਅ ਨਹੀਂ ਦੇ ਰਿਹਾ ਹੈ ਕਿ ਅਸੀਂ ਗੈਰ ਮਸੀਹੀਆਂ ਨੂੰ ਵੀ ਆਪਣੀ ਸੰਗਤੀ ਦੇ ਵਿੱਚ ਕਬੂਲ ਕਰ ਲਈਏ। ਜਿਨ੍ਹਾਂ ਲੋਕਾਂ ਦਾ ਜ਼ਿਕਰ ਉਹ ਕਰ ਰਿਹਾ ਹੈ ਉਹ ਪਰਮੇਸ਼ੁਰ ਦੇ ਦੁਆਰਾ ਗ੍ਰਹਿਣ ਕੀਤੇ ਹੋਏ ਲੋਕ ਹਨ (14:3): ਪਰਮੇਸ਼ੁਰ ਦੇ ਟਹਿਲੂਏ (14:4), ਉਹ ਲੋਕ ਜੋ ਪ੍ਰਭੂ ਦੇ ਹਨ (14:8), ਅਤੇ ਮਸੀਹ ਦੇ ਵਿੱਚ ਭਰਾ (14:10)।

**ਆਇਤ 4.** ਫਿਰ ਪੌਲੁਸ ਆਪਣੇ ਪਾਠਕਾਂ ਨੂੰ ਪੁੱਛਦਾ ਹੈ, **ਤੂੰ ਪਰਾਏ ਟਹਿਲੂਏ ਉੱਤੇ ਦੋਸ਼ ਲਾਉਣ ਵਾਲਾ ਕੌਣ ਹੁੰਦਾ ਹੈਂ?** ਜਿਸ ਸ਼ਬਦ ਦਾ ਅਨੁਵਾਦ "ਟਹਿਲੂਏ" (οἰκέτης, *ਓਈਕੇਟੇਸ*) ਕੀਤਾ ਗਿਆ ਹੈ ਉਹ "ਟਹਿਲੂਏ" ਲਈ ਸਧਾਰਣ ਸ਼ਬਦ ਤੋਂ ਪੈਦਾ ਨਹੀਂ ਹੋਇਆ ਹੈ; ਇਹ "ਘਰ" ਲਈ ਸ਼ਬਦ (οἶκος, ਓਈਕੋਸ) ਤੋਂ ਨਿਕਲਿਆ ਹੈ।[16] ਓਈਕੇਟੇਸ ਇੱਕ ਪਰਿਵਾਰਿਕ ਟਹਿਲੂਏ ਦਾ ਹਵਾਲਾ ਦਿੰਦਾ ਹੈ।

ਰਸੂਲ ਨੇ ਇਸ ਬਿਆਨ ਦੇ ਨਾਲ ਆਪਣੇ ਪ੍ਰਸ਼ਨ ਦਾ ਅਨੁਸਰਣ ਕੀਤਾ: **ਉਹ ਤਾਂ ਆਪਣੇ ਹੀ ਮਾਲਕ ਦੇ ਅੱਗੇ ਖਲ੍ਹਿਆਰਿਆ ਰਹਿੰਦਾ ਅਥਵਾ ਡਿੱਗ ਪੈਂਦਾ ਹੈ।** ਇਹ ਸੰਦੇਸ਼ ਵਿਚਾਰ ਕਰਨ ਦੇ ਲਈ ਅਸਾਨ ਹੈ। ਅਸੀਂ ਪਰਮੇਸ਼ੁਰ ਦੇ ਟਹਿਲੂਏ ਹਾਂ, ਅਤੇ ਇੱਕ ਦਿਨ ਸਾਨੂੰ ਆਪਣੀ ਟਹਿਲ ਸੇਵਾ ਦੇ ਲਈ ਪਰਮੇਸ਼ੁਰ ਨੂੰ ਲੇਖਾ ਦੇਣਾ ਪਵੇਗਾ (ਵੇਖੋ 14:10–12)। ਪਰਮੇਸ਼ੁਰ ਫੈਸਲਾ ਕਰੇਗਾ ਕਿ ਕੌਣ "ਖੜਾ ਰਹਿੰਦਾ ਜਾਂ ਡਿੱਗ ਪੈਂਦਾ ਹੈ।" ਇਹ ਦੇ ਦਰਮਿਆਨ, ਸਾਡਾ ਕੋਈ ਮਤਲਬ ਨਹੀਂ ਹੈ ਕਿ ਅਸੀਂ ਇੱਕ ਦੂਜੇ ਦਾ ਨਿਆਂ ਕਰਨ ਦੇ ਲਈ ਬੈਠੀਏ।[17] ਰੋਮੀਆਂ 12:19 ਆਇਤ ਕਹਿੰਦੀ ਹੈ ਕਿ

ਸਾਨੂੰ ਬਦਲਾ ਲੈਣਾ ਨਹੀਂ ਚਾਹੀਦਾ ਹੈ ਕਿਉਂਕਿ ਉਹ ਪਰਮੇਸ਼ੁਰ ਦਾ ਕੰਮ ਹੈ। ਇਹ ਆਇਤ ਕਹਿੰਦੀ ਹੈ ਕਿ ਨਾ ਹੀ ਸਾਨੂੰ ਨਿਆਂ ਕਰਨਾ ਚਾਹੀਦਾ ਹੈ ਕਿਉਂਕਿ ਉਹ ਵੀ ਪਰਮੇਸ਼ੁਰ ਦਾ ਕੰਮ ਹੈ।

ਪੌਲੁਸ ਨੇ ਭਰੋਸੇ ਦਾ ਇੱਕ ਨੋਟ ਸ਼ਾਮਲ ਕੀਤਾ। ਇਹ ਕਹਿਣ ਤੋਂ ਬਾਅਦ, "ਉਹ ਤਾਂ ਆਪਣੇ ਹੀ ਮਾਲਕ ਦੇ ਅੱਗੇ ਖਲ੍ਹਿਆਰਿਆ ਰਹਿੰਦਾ ਅਥਵਾ ਡਿੱਗ ਪੈਂਦਾ ਹੈ," ਉਸ ਨੇ ਅੱਗੇ ਕਿਹਾ, **ਪਰ ਉਹ ਖਲ੍ਹਿਆਰਿਆ ਰਹੇਗਾ ਕਿਉਂ ਜੋ ਪ੍ਰਭੁ ਉਹ ਦੇ ਖਲ੍ਹਿਆਰਨ ਨੂੰ ਸਮਰਥ ਹੈ।** ਇਸ ਬਿਆਨ ਵਿੱਚ ਮੰਨ ਲਿਆ ਗਿਆ ਹੈ ਕਿ ਪ੍ਰਸ਼ਨ ਵਿਚਲਾ ਟਹਿਲੂਆ ਲਗਨ ਦੇ ਨਾਲ ਪ੍ਰਭੂ ਦੀ ਸੇਵਾ ਕਰ ਰਿਹਾ ਹੈ। ਪੌਲੁਸ ਦਾ ਅਰਥ ਇਹ ਹੋ ਕਿ ਭਾਵੇਂ ਉਸ ਦੇ ਭਾਈ ਉਸ ਨੂੰ ਤੁੱਛ ਸਮਝਦੇ ਜਾਂ ਉਸ ਨੂੰ ਸਵੀਕਾਰ ਨਹੀਂ ਕਰਦੇ ਹਨ, ਤਾਂ ਵੀ ਪਰਮੇਸ਼ੁਰ ਉਸ ਦਾ ਸਵਾਗਤ ਕਰਦਾ ਹੈ ਅਤੇ ਉਸ ਨੂੰ ਸਥਿਰ ਕਰਨ ਦੇ ਯੋਗ ਹੈ।

## ਵਿਸ਼ੇਸ਼ ਦਿਨਾਂ ਦੇ ਸੰਬੰਧ ਵਿੱਚ (14:5-9)

**5ਕੋਈ ਇੱਕ ਦਿਨ ਨੂੰ ਦੂਜੇ ਦਿਨ ਨਾਲੋਂ ਚੰਗਾ ਸਮਝਦਾ ਹੈ। ਕੋਈ ਜਣਾ ਸਭਨਾਂ ਦਿਨਾਂ ਨੂੰ ਇੱਕੋ ਜਿਹਾ ਸਮਝਦਾ ਹੈ। ਹਰ ਕੋਈ ਆਪੋ ਆਪਣੇ ਮਨ ਵਿੱਚ ਪੱਕੀ ਨਿਹਚਾ ਰੱਖੇ। 6ਜਿਹੜਾ ਦਿਨ ਨੂੰ ਮੰਨਦਾ ਹੈ ਉਹ ਪ੍ਰਭੁ ਦੇ ਲਈ ਮੰਨਦਾ ਹੈ ਅਤੇ ਜਿਹੜਾ ਖਾਂਦਾ ਹੈ ਉਹ ਪ੍ਰਭੁ ਖਾਂਦਾ ਹੈ ਕਿਉਂ ਜੋ ਉਹ ਪਰਮੇਸ਼ੁਰ ਦਾ ਧੰਨਵਾਦ ਕਰਦਾ ਹੈ ਅਤੇ ਜਿਹੜਾ ਨਹੀਂ ਖਾਂਦਾ ਉਹ ਪ੍ਰਭੁ ਦੇ ਲਈ ਨਹੀਂ ਖਾਂਦਾ ਹੈ ਅਤੇ ਪਰਮੇਸ਼ੁਰ ਦਾ ਧੰਨਵਾਦ ਕਰਦਾ ਹੈ। 7ਸਾਡੇ ਵਿੱਚੋਂ ਤਾਂ ਕੋਈ ਆਪਣੇ ਲਈ ਨਹੀਂ ਜੀਉਂਦਾ, ਨਾ ਕੋਈ ਆਪਣੇ ਲਈ ਮਰਦਾ ਹੈ। 8ਇਸ ਲਈ ਜੇ ਅਸੀਂ ਜੀਵੀਏ ਤਾਂ ਪ੍ਰਭੁ ਦੇ ਲਈ ਜੀਉਂਦੇ ਹਾਂ ਅਰ ਜੇ ਅਸੀਂ ਮਰੀਏ ਤਾਂ ਪ੍ਰਭੁ ਦੇ ਲਈ ਮਰਦੇ ਹਾਂ। ਗੱਲ ਕਾਹਦੀ ਭਾਵੇਂ ਜੀਵੀਏ ਭਾਵੇਂ ਮਰੀਏ ਪਰ ਹਾਂ ਅਸੀਂ ਪ੍ਰਭੁ ਦੇ ਹੀ। 9ਕਿਉਂ ਜੋ ਇਸੇ ਕਾਰਨ ਮਸੀਹ ਮੋਇਆ ਅਤੇ ਫਿਰ ਜੀ ਪਿਆ ਭਈ ਮੁਰਦਿਆਂ ਦਾ, ਨਾਲੇ ਜੀਉਂਦਿਆਂ ਦਾ ਪ੍ਰਭੁ ਹੋਵੇ।**

**ਆਇਤ 5.** ਆਇਤ 2 ਅਤੇ 3 ਵਿੱਚ, ਪੌਲੁਸ ਨੇ ਮਾਸ ਖਾਣ ਜਾਂ ਨਾ ਖਾਣ ਦੇ ਮੁੱਦੇ ਨੂੰ ਪੇਸ਼ ਕੀਤਾ। ਆਇਤ 5 ਵਿੱਚ, ਉਸ ਨੇ ਵੱਖਰੇ-ਵੱਖਰੇ ਵਿਚਾਰਾਂ ਦੀ ਦੂਸਰੀ ਉਦਾਹਰਣ ਨੂੰ ਪੇਸ਼ ਕੀਤਾ। ਵਿਚਾਰ ਇਸ ਪ੍ਰਕਾਰ ਸ਼ੁਰੂ ਹੁੰਦਾ ਹੈ, **ਕੋਈ ਇੱਕ ਦਿਨ ਨੂੰ ਦੂਜੇ ਦਿਨ ਨਾਲੋਂ ਚੰਗਾ ਸਮਝਦਾ ਹੈ। ਕੋਈ ਜਣਾ ਸਭਨਾਂ ਦਿਨਾਂ ਨੂੰ ਇੱਕੋ ਜਿਹਾ ਸਮਝਦਾ ਹੈ।** ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਜੋ ਲੋਕ "ਕੋਈ ਇੱਕ ਦਿਨ ਨੂੰ ਦੂਜੇ ਦਿਨ ਨਾਲੋਂ ਚੰਗਾ" ਸਮਝਦੇ ਸਨ ਉਹ ਯਹੂਦੀ ਮਸੀਹੀ ਸਨ ਜਿਨ੍ਹਾਂ ਦਾ ਪਾਲਣ ਪੋਸ਼ਣ ਸਬਤ ਅਤੇ ਹੋਰ ਪਵਿੱਤਰ ਦਿਨਾਂ ਨੂੰ ਮੰਨਦੇ-ਮੰਨਦੇ ਹੋਇਆ ਸੀ। ਜਦਕਿ, ਗੈਰ ਯਹੂਦੀਆਂਦੇ ਵੀ ਵਿਸ਼ੇਸ਼ ਦਿਨ ਹੁੰਦੇ ਸਨ। ਵਿਆਖਿਆ ਅਤੇ ਪ੍ਰਾਸੰਗਿਕਤਾ ਵਿੱਚ ਸਹਾਇਤਾ ਕਰਨ ਦੇ ਲਈ, ਯਹੂਦੀ ਮਸੀਹੀਆਂ ਅਤੇ ਸਬਤ ਦੀ ਉਦਾਹਰਣ ਇਸਤੇਮਾਲ ਕੀਤੀ ਜਾਵੇਗੀ, ਪਰ ਇਸ ਗੱਲ ਦਾ ਧਿਆਨ ਰੱਖੋ ਕਿ ਸਾਨੂੰ ਪੱਕਾ ਪਤਾ ਨਹੀਂ ਹੈ ਕਿ ਪੌਲੁਸ ਦੇ ਮਨ ਵਿੱਚ ਕੌਣ (ਯਹੂਦੀ ਜਾਂ ਗੈਰ ਯਹੂਦੀ) ਸਨ।

ਮੰਨ ਲਓ ਤੁਸੀਂ ਇੱਕ ਯਹੂਦੀ ਹੋ ਜਿਸ ਨੇ ਆਪਣੇ ਜੀਵਨ ਭਰ ਸਬਤ ਨੂੰ ਮੰਨਿਆ ਹੋਵੇ। ਤੁਸੀਂ ਸ਼ੁੱਧ ਮਨ ਦੇ ਨਾਲ ਯਹੂਦੀਆਂ ਦੀ ਸ਼ਰਾ ਵਿਚਲੇ ਕਰਨ ਅਤੇ ਨਾ ਕਰਨ ਵਾਲੀ ਸ਼ਰਾ ਅਤੇ ਸਤਵੇਂ

ਦਿਨ ਦੇ ਵਿਸ਼ੇ ਵਿੱਚ ਪਰੰਪਰਾਵਾਂ ਨੂੰ ਮੰਨਦੇ ਆਏ ਹੋ। ਫਿਰ ਤੁਸੀਂ ਮਸੀਹੀ ਬਣ ਗਏ। ਭਾਵੇਂ ਹੁਣ ਤੁਸੀਂ ਆਪਣੇ ਨਾਲ ਦੇ ਮਸੀਹੀਆਂ ਦੇ ਨਾਲ ਹਫਤੇ ਦੇ ਪਹਿਲੇ ਦਿਨ ਅਰਾਧਨਾ ਕਰਦੇ ਹੋ, ਤਾਂ ਵੀ ਕੀ ਦਹਾਕਿਆਂ ਤੋਂ ਮੰਨਦੇ ਆ ਰਹੇ ਸਬਤ ਦੇ ਦਿਨ ਨੂੰ ਖਾਰਿਜ ਕਰਨਾ ਮੁਸ਼ਕਲ ਨਹੀਂ ਹੈ? ਜਦੋਂ ਤੁਸੀਂ ਸੱਤਵੇਂ ਦਿਨ ਜਾਗਦੇ ਹੋ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੁੰਦਾ ਹੈ? ਕੀ ਤੁਸੀਂ ਇਸ ਨੂੰ "ਬਸ ਇੱਕ ਹੋਰ ਦਿਨ" ਦੇ ਰੂਪ ਵਿੱਚ ਮੰਨਦੇ ਹੋ? ਇਸ ਨੂੰ ਦੇਖ ਸਕਣਾ ਅਸਾਨ ਹੈ ਕਿ ਕਿਵੇਂ ਇੱਕ ਯਹੂਦੀ ਮਸੀਹੀ "ਇੱਕ ਦਿਨ ਨੂੰ ਦੂਜੇ ਦੇ ਨਾਲੋਂ ਵੱਧ" ਸਮਝਦਾ ਹੈ।

ਦੂਜੇ ਲੋਕ "ਹਰ ਇੱਕ ਦਿਨ ਨੂੰ ਇੱਕੋ ਜਿਹਾ ਸਮਝਦੇ ਹਨ।" ਉਹ ਸਮਝਦੇ ਹਨ ਕਿ ਪੁਰਾਣੇ ਨੇਮ ਦੇ ਸੰਸਕਾਰ ਅਤੇ ਰੀਤਾਂ ਖਤਮ ਕਰ ਦਿੱਤੇ ਗਏ ਹਨ, "ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ . . . ਵਿੱਚੋਂ ਚੁੱਕ ਸੁੱਟਿਆ" (ਕੁਲੁੱਸੀਆਂ 2:14; ਵੇਖੋ ਅਫ਼ਸੀਆਂ 2:15)। ਕਿਸੇ ਦੀ ਵੀ ਸਬਤ ਦੇ ਦਿਨ ਨੂੰ ਨਾ ਮੰਨਣ ਕਰਕੇ ਨਿੰਦਾ ਨਹੀਂ ਕੀਤੀ ਜਾਣੀ (ਦੋਸ਼ੀ ਨਹੀਂ ਠਹਿਰਾਇਆ ਜਾਣਾ) ਸੀ (ਕੁਲੁੱਸੀਆਂ 2:16)।

ਰੋਮੀਆਂ 14 ਅਧਿਆਇ ਵਿੱਚ, ਪੌਲੁਸ ਨੇ ਇਸ ਖਾਸ ਮੁੱਦੇ ਤੇ ਇੱਕ ਸਥਿਤੀ ਨੂੰ "ਕਮਜ਼ੋਰ" ਅਤੇ ਦੂਸਰੀ ਨੂੰ "ਮਜ਼ਬੂਤ" ਦਾ ਲੇਬਲ ਨਹੀਂ ਦਿੱਤਾ, ਪਰ ਗਲਾਤੀਆਂ 4:9–11 ਵਿੱਚ ਉਸ ਨੇ ਦਿਨਾਂ ਨੂੰ ਮੰਨਣ ਦੇ ਕਾਰਣ ਕਈਆਂ ਨੂੰ ਫਿਟਕਾਰਿਆ ਵੀ ਸੀ। ਇਸ ਲਈ ਅਸੀਂ ਇਹ ਮੰਨ ਸਕਦੇ ਹਾਂ ਕਿ, ਇਸ ਪ੍ਰਸ਼ਨ ਤੇ, ਦਿਨਾਂ ਨੂੰ ਮੰਨਣ ਵਾਲਾ "ਕਮਜ਼ੋਰ" ਭਾਈ ਸੀ ਜਦਕਿ ਉਹ ਜੋ ਨਾ-ਮੰਨਣ ਵਾਲਾ ਸੀ ਉਹ "ਮਜ਼ਬੂਤ" ਭਾਈ ਸੀ।

ਕਈ ਲੋਕ ਹੈਰਾਨ ਹੁੰਦੇ ਹਨ ਕਿ ਪੌਲੁਸ ਦਿਨਾਂ ਨੂੰ ਮੰਨਣ ਦੇ ਕਾਰਣ ਗਲਾਤੀਆਂ ਦੇ ਮਸੀਹੀਆਂ ਦੇ ਵਿਰੁੱਧ ਇੰਨਾ ਸਖਤੀ ਦੇ ਨਾਲ ਕਿਉਂ ਬੋਲਿਆ ਸੀ ਜਦਕਿ ਉਸ ਨੇ ਰੋਮ ਵਿਖੇ ਮਸੀਹੀਆਂ ਨੂੰ ਕਿਹਾ ਸੀ ਕਿ ਦਿਨਾਂ ਨੂੰ ਮੰਨਣ ਵਾਲਿਆਂ ਨੂੰ ਕਬੂਲ ਕਰ ਲੈਣ। ਗਲਾਤੀਆਂ ਵਿੱਚ, ਇਹ ਸਿਖਾਇਆ ਜਾ ਰਿਹਾ ਸੀ ਕਿ ਮੂਸਾ ਦੀ ਸ਼ਰਾ ਦੀ ਪਾਲਣਾ ਕਰਨਾ (ਯਹੂਦੀਆਂ ਦੇ ਪਵਿੱਤਰ ਦਿਨਾਂ ਸਹਿਤ) ਮੁਕਤੀ ਦੇ ਲਈ ਇੱਕ ਸ਼ਰਤ ਸੀ (ਗਲਾਤੀਆਂ 5:1–4; ਵੇਖੋ ਰਸੂਲਾਂ ਦੇ ਕਰਤੱਬ 15:1)। ਸ਼ਾਇਦ ਰੋਮ ਵਿੱਚ ਕੁਝ ਲੋਕਾਂ ਦੇ ਦੁਆਰਾ ਇੱਕ ਵਿਅਕਤੀਗਤ ਵਿਸ਼ਵਾਸ ਦੇ ਕਾਰਣ ਦਿਨ ਨੂੰ ਮੰਨਿਆ ਜਾਂਦਾ ਸੀ, ਨਾ ਕਿ ਇਸ ਕੋਸ਼ਿਸ਼ ਦੇ ਨਾਲ ਕਿ ਦੂਜਿਆਂ ਨੂੰ ਵੀ ਅਜਿਹਾ ਕਰਨ ਦੇ ਲਈ ਦਬਾਇਆ ਜਾ ਸਕੇ।

ਇਸ ਮਾਮਲੇ ਵਿੱਚ "ਮਜ਼ਬੂਤ" ਭਾਈ ਦੀ ਸਥਿਤੀ ਦੇ ਲਈ ਹੋਰ ਇੱਕ ਸ਼ਬਦ ਜਾਂ ਦੋ ਸ਼ਬਦ ਕਹੇ ਜਾਣੇ ਚਾਹੀਦੇ ਹਨ। NASB ਕਹਿੰਦਾ ਹੈ ਕਿ ਉਹ "ਹਰ ਇੱਕ ਦਿਨ ਨੂੰ ਸਮਾਨ" ਆਦਰ ਦਿੰਦਾ ਹੈ। ਸ਼ਾਇਦ ਇਹ ਸ਼ਬਦਾਵਲੀ ਇਸ ਪ੍ਰਭਾਵ ਨੂੰ ਛੱਡ ਸਕਦੀ ਹੈ ਕਿ ਉਹ ਹਰ ਦਿਨ ਨੂੰ *ਸਧਾਰਣ* ਦਿਨ ਦੀ ਤਰ੍ਹਾਂ ਸਮਝਦਾ, ਅਤੇ ਉਸ ਦਾ ਵਿਚਾਰ ਹੈ ਕਿ ਕੋਈ ਦਿਨ ਖਾਸ ਨਹੀਂ ਹੁੰਦਾ। ਜੇਕਰ ਅਸੀਂ ਸ਼ਬਦ "ਸਮਾਨ," ਨੂੰ ਛੱਡ ਦਈਏ ਜੋ ਅਨੁਵਾਦਕਾਂ ਦੇ ਰਾਹੀਂ ਜੋੜਿਆ ਗਿਆ ਸੀ ਤਾਂ ਸ਼ਾਇਦ ਸਾਨੂੰ ਇਸ ਨੂੰ ਸਮਝਣ ਦੇ ਵਿੱਚ ਸਹਾਇਤਾ ਮਿਲੇਗੀ। ਇਹ ਸਾਨੂੰ "ਹਰੇਕ ਇੱਕ ਦਿਨ ਦਾ ਆਦਰ ਕਰਦਾ ਹੈ" ਦੇ ਨਾਲ ਛੱਡ ਦਿੰਦਾ ਹੈ। "ਆਦਰ" ਦਿੰਦਾ ਹੈ *ਕਰੀਨੋ* ਤੋਂ ਹੈ, ਇਸ ਮਾਮਲੇ ਵਿੱਚ ਜਿਸ ਦਾ ਅਰਥ "ਮੰਨਣਾ, ਆਦਰ ਕਰਨਾ।"[18] ਰੋਮੀਆਂ 14:5 ਵਿੱਚ ਇਸ ਦਾ ਅਰਥ ਇਹ ਹੈ "*ਹਰ ਦਿਨ ਨੂੰ . . .* ਪਵਿੱਤਰ ਮੰਨਣਾ।"[19]

ਹੋ ਸਕਦਾ ਹੈ ਕੋਈ ਕਹੇ, "ਪਰ ਮੈਂ ਸੋਚਿਆ ਹੈ ਕਿ ਹਫ਼ਤੇ ਦਾ ਪਹਿਲਾ ਦਿਨ ਮਸੀਹੀਆਂ ਦਾ ਪਵਿੱਤਰ ਦਿਨ ਹੈ।" ਇਹ ਸੱਚ ਹੈ ਕਿ ਪਰਮੇਸ਼ੁਰ ਨੇ ਹਫ਼ਤੇ ਦੇ ਪਹਿਲੇ ਦਿਨ ਨੂੰ ਅਰਾਧਨਾ ਦੇ ਇੱਕ ਖਾਸ ਦਿਨ[20] ਦੇ ਰੂਪ ਵਿੱਚ ਵੱਖਰਾ ਕੀਤਾ ਹੋਇਆ ਹੈ; ਉਹ ਦਿਨ ਹੈ ਜਿਸ ਵਿੱਚ ਅਸੀਂ "ਰੋਟੀ ਤੋੜਣ" ਦੇ ਲਈ ਇਕੱਠੇ ਹੁੰਦੇ ਹਾਂ (ਰਸੂਲਾਂ ਦੇ ਕਰਤੱਬ 20:7) ਜਿਵੇਂ ਅਸੀਂ ਪ੍ਰਭੂ ਭੋਜ ਵਿੱਚ ਹਿੱਸਾ ਲੈਂਦੇ ਹਾਂ।[21] ਇਸ ਦੇ ਬਾਵਜੂਦ ਵੀ, ਸਾਨੂੰ ਸਿਰਫ ਹਫ਼ਤੇ ਦੇ ਪਹਿਲੇ ਦਿਨ ਨੂੰ ਹੀ ਪਵਿੱਤਰ ਨਹੀਂ ਸਮਝਣਾ ਚਾਹੀਦਾ ਹੈ। ਹਰ ਇੱਕ ਦਿਨ ਨੂੰ ਪ੍ਰਭੂ ਦੇ ਲਈ ਪਵਿੱਤਰ ਕੀਤਾ (ਵੱਖ ਰੱਖਿਆ) ਜਾਣਾ ਚਾਹੀਦਾ ਹੈ। ਜੇਕਰ ਸੋਮਵਾਰ ਤੋਂ ਸ਼ਨੀਵਾਰ ਸਾਡੇ ਲਈ "ਪਵਿੱਤਰ ਦਿਨ" ਨਹੀਂ ਹਨ, ਤਾਂ ਕਿ ਇਹ ਸੰਭਾਵਨਾ ਵੀ ਨਹੀਂ ਹੈ ਕਿ ਐਤਵਾਰ ਦਾ ਦਿਨ ਪਵਿੱਤਰ ਹੋ ਜਾਵੇਗਾ।

ਜੋ ਸਾਨੂੰ ਵਿਚਾਰਾਂ ਦੇ ਵਿਸ਼ੇ ਵਿੱਚ ਇੱਕ ਮਹੱਤਵਪੂਰਣ ਬਿਆਨ ਤੇ ਲਿਆਉਂਦਾ ਹੈ: **ਹਰ ਕੋਈ ਆਪੋ ਆਪਣੇ ਮਨ ਵਿੱਚ ਪੱਕੀ ਨਿਹਚਾ ਰੱਖੇ।** "ਪੱਕੀ ਨਿਹਚਾ ਰੱਖੇ" ਸੰਯੁਕਤ ਸ਼ਬਦ, πληροφορέω (*ਪਲੇਰੋਫੋਰੇਓ*) ਹੈ, ਜਿਸ ਦਾ ਅਰਥ ਹੈ "ਪੂਰਣ ਰੂਪ ਵਿੱਚ।" ਇਹ πλήρης (*ਪਲੀਰੇਸ*, "ਪੂਰਣ") ਨੂੰ φέρω (*ਫੇਰੋ*, "ਲੈ ਲੈਣਾ") ਨਾਲ ਜੋੜਦਾ ਹੈ। ਰੋਮੀਆਂ 4:21 ਵਿੱਚ, ਇਸ ਸ਼ਬਦ ਦਾ ਅਨੁਵਾਦ "ਪੱਕੀ ਨਿਹਚਾ" ਕੀਤਾ ਗਿਆ ਹੈ। KJV, 14:5 ਵਿੱਚ, "ਪੂਰਾ ਭਰੋਸਾ" ਹੈ। NIRV ਕਹਿੰਦਾ ਹੈ, "ਹਰੇਕ ਵਿਅਕਤੀ ਨੂੰ ਆਪਣੇ ਮਨ ਵਿੱਚ ਪੱਕੀ ਨਿਹਚਾ ਹੋਣੀ ਚਾਹੀਦੀ ਹੈ।"

ਕੁਝ ਲੋਕ ਮੰਨਦੇ ਹਨ ਕਿ, ਜੇਕਰ ਆਮ ਤੌਰ ਤੇ ਇਹ ਸਹਿਮਤੀ ਹੈ ਕਿ ਇੱਕ ਵਿਸ਼ੇਸ਼ ਮੁੱਦਾ ਵਿਚਾਰ ਦੇ ਖੇਤਰ ਵਿੱਚ ਆਉਂਦਾ ਹੈ, ਤਾਂ ਉਨ੍ਹਾਂ ਨੂੰ ਇਸ ਦੇ ਬਾਰੇ ਚਿੰਤਾ ਕਰਨ ਦੀ ਕੋਈ ਵੀ ਲੋੜ ਨਹੀਂ ਹੈ। ਪੌਲੁਸ ਨੇ ਸੰਕੇਤ ਦਿੱਤਾ ਕਿ ਇਹ ਗੱਲ ਨਹੀਂ ਹੈ। ਕਿਸੇ ਵੀ ਮੁੱਦੇ ਦੇ ਬਾਰੇ, ਸਾਨੂੰ ਸੋਚਣ, ਅਧਿਐਨ ਕਰਨ, ਪ੍ਰਾਰਥਨਾ ਕਰਨ, ਅਤੇ ਆਪਣਿਆਂ ਮਨ ਨੂੰ ਦ੍ਰਿੜ੍ਹ ਕਰਨ ਦੀ ਲੋੜ ਹੁੰਦੀ ਹੈ। ਸਾਨੂੰ ਇਸ ਮਾਮਲੇ ਵਿੱਚ *ਆਪਣੇ* ਪ੍ਰਤਿ ਪਰਮੇਸ਼ੁਰ ਦੀ ਇੱਛਾ ਦੇ ਸੰਬੰਧ ਵਿੱਚ "ਪੱਕੇ ਯਕੀਨ" ਦੀ ਲੋੜ ਹੈ। ਜੇਕਰ ਇਹ ਵਿਚਾਰ ਦੇ ਖੇਤਰ ਵਿੱਚ ਹੈ, ਤਾਂ ਸਾਨੂੰ ਦੂਜਿਆਂ ਨੂੰ ਆਪਣੇ ਸਿੱਟਿਆਂ ਨਾਲ ਬੰਨ੍ਹ ਕੇ ਰੱਖਣਾ ਨਹੀਂ ਚਾਹੀਦਾ। ਫਿਰ ਵੀ, ਇੱਕ ਅਜਿਹਾ ਜੀਵਨ ਜਿਉਣ ਦੇ ਲਈ ਜਿਹੜਾ ਪਰਮੇਸ਼ੁਰ ਦਾ ਸਨਮਾਨ ਕਰਨ ਦੇ ਲਈ ਸਮਰਪਿਤ ਹੋਵੇ ਵਿਕਤੀਗਤ ਵਿਸ਼ਵਾਸ ਮਹੱਤਵਪੂਰਣ ਹੈ।

**ਆਇਤ 6.** ਇਸ ਦੇ ਨਾਲ ਨਾਲ, ਸਾਨੂੰ ਉਨ੍ਹਾਂ ਲੋਕਾਂ ਤੇ ਦੋਸ਼ ਨਹੀਂ ਲਾਉਣਾ ਚਾਹੀਦਾ ਹੈ ਜਾਂ ਉਨ੍ਹਾਂ ਦੀ ਨਿੰਦਾ ਨਹੀਂ ਕਰਨੀ ਚਾਹੀਦੀ ਹੈ ਜੋ ਵਿਚਾਰ ਦੇ ਮਾਮਲਿਆਂ ਦੇ ਵਿੱਚ ਸਾਡੇ ਨਾਲ ਅਸਹਿਮਤ ਹੁੰਦੇ ਹਨ। ਕਿਉਂ? ਆਇਤ 6 ਸਾਨੂੰ ਇੱਕ ਕਾਰਣ ਦਿੰਦੀ ਹੈ ਕਿ ਸਾਨੂੰ ਆਪਣੇ ਭਰਾ ਦਾ ਨਿਆਂ ਨਹੀਂ ਕਰਨਾ ਚਾਹੀਦਾ ਹੈ: *ਕਿਉਂਕਿ ਅਸੀਂ ਦੋਵੇਂ ਪਰਮੇਸ਼ੁਰ ਦੀ ਮਹਿਮਾ ਦੇ ਲਈ ਕੋਸ਼ਿਸ਼ ਕਰ ਰਹੇ ਹਾਂ*। ਪੌਲੁਸ ਨੇ ਕਿਹਾ, **ਜਿਹੜਾ ਦਿਨ ਨੂੰ ਮੰਨਦਾ ਹੈ ਉਹ ਪ੍ਰਭੂ ਦੇ ਲਈ ਮੰਨਦਾ ਹੈ।** ਦੂਜੇ ਸ਼ਬਦਾਂ ਵਿੱਚ, ਉਹ ਆਪਣੇ ਖੁਦ ਦੇ ਫਾਇਦੇ ਲਈ ਨਹੀਂ, ਸਗੋਂ ਪ੍ਰਭੂ ਦੇ ਫਾਇਦੇ ਦੇ ਲਈ ਇਹ ਕਰ ਰਿਹਾ ਹੈ। JB ਕਹਿੰਦਾ ਹੈ ਕਿ ਉਹ "ਪ੍ਰਭੂ ਦੇ ਸਨਮਾਨ ਦੇ ਲਈ ਅਜਿਹਾ ਕਰਦਾ ਹੈ।" ਇਹ *ਮੰਨਦਾ ਹੈ* ਕਿ ਦਿਨ ਨੂੰ ਮੰਨਣ ਵਾਲੇ ਦੇ ਦਿਮਾਗ ਵਿੱਚ ਧਾਰਮਿਕ ਮੰਤਵ ਹੁੰਦਾ ਹੈ। ਹੋ ਸਕਦਾ ਹੈ ਕਿ ਹਰ ਵਾਰ ਅਜਿਹਾ ਨਾ ਹੁੰਦਾ ਹੋਵੇ, ਪਰ ਪ੍ਰੇਮ ਹਮੇਸ਼ਾ ਉੱਤਮ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕਰਦਾ

ਹੈ।[22]

ਯੂਨਾਨੀ ਲਿਖਤ ਦਿਨ ਨੂੰ ਨਾ ਮੰਨਣ ਵਾਲੇ ਦਾ ਉਲੇਖ ਨਹੀਂ ਕਰਦਾ ਹੈ; ਇਸ ਦੀ ਬਜਾਇ, ਪੌਲੁਸ ਮਾਸ ਖਾਣ ਜਾਂ ਨਾ ਖਾਣ ਦੀ ਆਪਣੀ ਪ੍ਰਾਇਮਰੀ ਉਦਾਹਰਣ ਵੱਲ ਚਲਾ ਗਿਆ। ਅਸੀਂ ਪ੍ਰਸੰਗ ਵਿੱਚੋਂ ਇਕੱਠਾ ਕਰ ਸਕਦੇ ਹਾਂ, ਭਾਵੇਂ, ਉਹ ਵਿਅਕਤੀ ਜੋ ਦਿਨ ਨੂੰ ਨਹੀਂ ਮੰਨਦਾ ਉਹ ਵੀ ਉਹ ਕੰਮ ਕਰਨ ਦੇ ਲਈ ਚੁਣਿਆ ਗਿਆ ਹੈ ਜੋ ਉਹ "ਪ੍ਰਭੂ ਦੇ ਲਈ"[23] ਕਰਦਾ ਹੈ।

ਆਇਤ ਦੇ ਬਾਅਦ ਦੇ ਹਿੱਸੇ ਵਿੱਚ, ਪੌਲੁਸ ਉਸ ਉਦਾਹਰਣ ਵੱਲ ਮੁੜਦਾ ਹੈ ਜੋ ਅਧਿਆਇ ਦੇ ਆਰੰਭ ਵਿੱਚ ਪੇਸ਼ ਕੀਤੀ ਗਈ ਸੀ। ਉਹ ਆਪਣੀ ਚਰਚਾ ਦੇ ਬਾਕੀ ਹਿੱਸੇ ਲਈ ਇਸ ਉਦਾਹਰਣ ਨੂੰ ਲਗਾਤਾਰ ਵਰਤਦਾ ਰਿਹਾ (ਵੇਖੋ 14:15, 17, 20, 21, 23): **ਅਤੇ ਜਿਹੜਾ** [ਮਾਸ] **ਖਾਂਦਾ ਹੈ ਉਹ ਪ੍ਰਭੂ ਖਾਂਦਾ ਹੈ** [ਉਸ ਨੂੰ ਆਦਰ ਦੇਣ ਦੇ ਲਈ] **ਕਿਉਂ ਜੋ ਉਹ ਪਰਮੇਸ਼ੁਰ ਦਾ ਧੰਨਵਾਦ ਕਰਦਾ ਹੈ ਅਤੇ ਜਿਹੜਾ ਨਹੀਂ ਖਾਂਦਾ** [ਮਾਸ][24] **ਉਹ ਪ੍ਰਭੂ ਦੇ ਲਈ ਨਹੀਂ ਖਾਂਦਾ** [ਮਾਸ] **ਹੈ ਅਤੇ ਪਰਮੇਸ਼ੁਰ ਦਾ ਧੰਨਵਾਦ ਕਰਦਾ ਹੈ।** ਦੂਜੇ ਸ਼ਬਦਾਂ ਵਿੱਚ, ਇੱਕ ਭਾਈ ਰਾਤ ਦੇ ਭੋਜਨ ਵਿੱਚ ਮਾਸ ਦੀ ਪਲੇਟ ਖਾਂਦਾ ਹੈ ਜਦਕਿ ਦੂਸਰੇ ਦੇ ਕੋਲ ਸਿਰਫ ਸਬਜ਼ੀਆਂ ਹੀ ਹਨ, ਪਰ ਦੋਵੇਂ ਹੀ ਆਪਣੇ ਭੋਜਨ ਦੇ ਲਈ ਪ੍ਰਭੂ ਨੂੰ ਧੰਨਵਾਦ ਦਿੰਦੇ ਹਨ। ਦੋਵੇਂ ਪਰਮੇਸ਼ੁਰ ਦੀ ਮਹਿਮਾ ਕਰਦੇ ਹਨ, ਅਤੇ ਦੋਵੇਂ ਪਰਮੇਸ਼ੁਰ ਦੀ ਮਹਿਮਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਫਿਰ, ਕਿਉਂ, ਦੋਵਾਂ ਵਿੱਚੋਂ ਕਿਸੇ ਨੂੰ ਵੀ ਕਿਸੇ ਦੂਜੇ ਦਾ ਨਿਆਂ ਕਰਨਾ ਚਾਹੀਦਾ ਹੈ?

ਆਇਤ 6 ਦਾ ਮੁੱਖ ਸ਼ਬਦ "ਪ੍ਰਭੂ" ਹੈ; ਇਸ ਆਇਤ ਵਿੱਚ ਇਹ ਸ਼ਬਦ ਤਿੰਨ ਵਾਰ ਆਇਆ ਹੈ। ਸਾਡਾ ਧਿਆਨ ਪ੍ਰਭੂ ਤੇ ਹੋਣਾ ਚਾਹੀਦਾ ਹੈ। ਉਸਦੀ ਮਹਿਮਾ ਕਰਨਾ, ਉਸ ਦਾ ਆਦਰ ਕਰਨਾ, ਅਤੇ ਉਸ ਨੂੰ ਭਾਉਣਾ ਇਨ੍ਹਾਂ ਵਿਚਾਰਾਂ ਤੋਂ ਕਿਤੇ ਵੱਧ ਕੇ ਹੈ ਕਿ ਅਸੀਂ ਕੀ ਖਾ ਸਕਦੇ ਹਾਂ ਜਾਂ ਕੀ ਨਹੀਂ ਖਾ ਸਕਦੇ ਹਾਂ।

**ਆਇਤਾਂ 7, 8.** ਦੂਜੇ ਮਸੀਹੀਆਂ ਦਾ ਨਿਆਂ ਨਾ ਕਰਨ ਦਾ ਦੂਜਾ ਕਾਰਣ ਅਗਲੀਆਂ ਕੁਝ ਆਇਤਾਂ ਵਿੱਚ ਮਿਲਦਾ ਹੈ। ਸਾਨੂੰ ਇੱਕ ਦੂਜੇ ਦਾ ਨਿਆਂ ਇਸ ਲਈ ਨਹੀਂ ਕਰਨਾ ਚਾਹੀਦਾ ਹੈ *ਕਿਉਂਕਿ ਸਾਡਾ ਸਾਰਿਆਂ ਦਾ ਸੰਬੰਧ ਪਰਮੇਸ਼ੁਰ ਦੇ ਨਾਲ ਹੈ*।

ਆਇਤ 7 ਤੋਂ ਬਹੁਤ ਸਾਰੇ ਲੋਕ ਜਾਣੂ ਹਨ: **ਸਾਡੇ ਵਿੱਚੋਂ ਤਾਂ ਕੋਈ ਆਪਣੇ ਲਈ ਨਹੀਂ ਜੀਉਂਦਾ, ਨਾ ਕੋਈ ਆਪਣੇ ਲਈ ਮਰਦਾ ਹੈ।** KJV ਵਿੱਚ ਹੈ "ਸਾਡੇ ਵਿੱਚੋਂ ਨਾ ਹੀ ਕੋਈ ਆਪਣੇ ਲਈ ਜਿਉਂਦਾ ਹੈ, ਅਤੇ ਨਾ ਹੀ ਕੋਈ ਆਪਣੇ ਲਈ ਮਰਦਾ ਹੈ।" KJV ਦੀ ਵਾਕ ਰਚਨਾ ਅਕਸਰ ਇਹ ਸਿਖਾਉਣ ਦੇ ਲਈ ਵਰਤੀ ਗਈ ਹੈ ਕਿ ਅਸੀਂ ਆਪਣੇ ਆਪ ਨੂੰ ਬਾਕੀ ਮਨੁੱਖਤਾ ਤੋਂ ਵੱਖਰੀ ਨਹੀਂ ਕਰ ਸਕਦੇ ਹਾਂ, ਕਿ–ਭਾਵੇਂ ਚੰਗੇ ਜਾਂ ਬੁਰੇ ਦੇ ਲਈ-ਅਸੀਂ ਇੱਕ ਦੂਜੇ ਤੇ ਪ੍ਰਭਾਵ ਪਾਉਂਦੇ ਹਾਂ।[25] ਇਹ ਸੱਚਾ ਬਿਆਨ ਹੈ, ਪਰ ਸ਼ਾਇਦ ਇਹ ਉਹ ਮੂਲ ਵਿਚਾਰ ਨਹੀਂ ਹੈ ਜਿਸ ਨੂੰ ਪੌਲੁਸ ਵਿਅਕਤ ਕਰਨਾ ਚਾਹੁੰਦਾ ਹੈ। "ਇਸ ਦੀ ਬਜਾਇ ਉਸ ਦਾ ਵਿਚਾਰ ਇਹ ਸੀ ਕਿ ਨਾ ਤਾਂ ਜੀਵਨ ਅਤੇ ਨਾ ਹੀ ਮੌਤ ਇਸ ਸੱਚਾਈ ਨੂੰ ਲੁਕਾ ਸਕਦੇ ਹਨ ਕਿ ਜੋ ਅਸੀਂ ਕਰਦੇ ਹਾਂ ਅਤੇ ਕਰ ਰਹੇ ਹਾਂ ਉਹ ਪਰਮੇਸ਼ੁਰ ਦੇ ਸਾਹਮਣੇ ਹੈ।"[26]

ਦੁਬਾਰਾ ਆਇਤ 7 ਨੂੰ ਵੇਖੋ ਅਤੇ ਇਸ ਗੱਲ ਤੇ ਵੀ ਧਿਆਨ ਦਿਓ ਕਿ ਇਹ ਕਿਵੇਂ ਆਇਤ 8 ਨਾਲ ਜੁੜੀ ਹੋਈ ਹੈ।[27] "ਸਾਡੇ ਵਿੱਚੋਂ ਤਾਂ ਕੋਈ ਆਪਣੇ ਲਈ ਨਹੀਂ ਜੀਉਂਦਾ,[28] ਨਾ ਕੋਈ ਆਪਣੇ ਲਈ

ਮਰਦਾ ਹੈ;" **ਇਸ ਲਈ ਜੇ ਅਸੀਂ ਜੀਵੀਏ ਤਾਂ ਪ੍ਰਭੁ ਦੇ ਲਈ ਜੀਉਂਦੇ ਹਾਂ ਅਰ ਜੇ ਅਸੀਂ ਮਰੀਏ ਤਾਂ ਪ੍ਰਭੁ ਦੇ ਲਈ ਮਰਦੇ ਹਾਂ। ਗੱਲ ਕਾਹਦੀ ਭਾਵੇਂ ਜੀਵੀਏ ਭਾਵੇਂ ਮਰੀਏ ਪਰ ਹਾਂ ਅਸੀਂ ਪ੍ਰਭੁ ਦੇ ਹੀ।** AB ਆਇਤ 7 ਦਾ ਇਸ ਪ੍ਰਕਾਰ ਵਿਸਤਾਰ ਕਰਦਾ ਹੈ: "ਅਸਾਂ ਵਿੱਚੋਂ ਕੋਈ ਵੀ ਆਪਣੇ ਆਪ ਦੇ ਲਈ ਨਹੀਂ ਜਿਉਂਦਾ ਹੈ (ਪਰ ਪ੍ਰਭੁ ਦੇ ਲਈ), ਅਤੇ ਨਾ ਹੀ ਅਸਾਂ ਵਿੱਚੋਂ ਕੋਈ ਆਪਣੇ ਆਪ ਦੇ ਲਈ ਮਰਦਾ ਹੈ (ਪਰ ਪ੍ਰਭੁ ਦੇ ਲਈ . . .)।" "ਅਸਾਂ" ਦਾ ਅਰਥ "ਅਸੀਂ ਮਸੀਹੀ" ਹਾਂ। ਆਇਤਾਂ 7 ਅਤੇ 8 ਦੋਵਾਂ ਵਿੱਚ, ਪੌਲੁਸ ਦਾ ਬਿੰਦੂ ਇਹ ਸੀ ਕਿ ਇੱਕ ਮਸੀਹੀ ਅਗਾਂਹ ਤੋਂ ਆਪਣੇ ਆਪ ਦਾ ਨਹੀਂ ਹੈ, ਪਰ ਉਹ "ਪ੍ਰਭੁ ਦਾ" ਹੈ।

ਪੌਲੁਸ ਦਾ *ਜੀਵਨ* ਅਤੇ *ਮੌਤ* ਦਾ ਹਵਾਲਾ ਸ਼ਾਇਦ ਇੱਕ ਮਨੁੱਖ ਦੇ ਪੂਰੇ ਅਸਤਿਤੱਵ ਨੂੰ ਸ਼ਾਮਲ ਕਰਨ ਦੇ ਇਰਾਦੇ ਦੇ ਨਾਲ ਤਿਆਰ ਕੀਤੀ ਗਿਆ ਸੀ। Phillips ਇਸ ਪ੍ਰਕਾਰ ਆਇਤ 8 ਦੀ ਸੰਖੇਪ ਵਿਆਖਿਆ ਕਰਦਾ ਹੈ: "ਹਰ ਮੋੜ ਤੇ ਜੀਵਨ ਸਾਨੂੰ ਪਰਮੇਸ਼ੁਰ ਦੇ ਨਾਲ ਜੋੜਦਾ ਹੈ, ਅਤੇ ਜਦੋਂ ਅਸੀਂ ਮਰ ਜਾਵਾਂਗੇ ਅਸੀਂ ਉਸ ਦੇ ਨਾਲ ਆਹਮੋ-ਸਾਹਮਣੇ ਹੋਵਾਂਗੇ। ਜੀਵਨ ਹੋਵੇ ਜਾਂ ਮੌਤ ਅਸੀਂ ਪਰਮੇਸ਼ੁਰ ਦੇ ਹੱਥਾਂ ਦੇ ਵਿੱਚ ਹਾਂ।"

**ਆਇਤ 9.** ਪੌਲੁਸ ਆਪਣੀ ਜੀਵਨ ਅਤੇ ਮੌਤ ਦੀ ਕਲਪਨਾ ਦੇ ਵਿੱਚ ਅੱਗੇ ਵਧਿਆ: **ਕਿਉਂ ਜੋ ਇਸੇ ਕਾਰਨ ਮਸੀਹ ਮੋਇਆ ਅਤੇ ਫਿਰ ਜੀ ਪਿਆ ਭਈ ਮੁਰਦਿਆਂ ਦਾ, ਨਾਲੇ ਜੀਉਂਦਿਆਂ ਦਾ ਪ੍ਰਭੁ ਹੋਵੇ।** MSG ਵਿੱਚ ਹੈ "ਇਸੇ ਲਈ ਯਿਸੂ ਜੀਆ ਅਤੇ ਮਰਿਆ ਅਤੇ ਦੁਬਾਰਾ ਜੀ ਉੱਠਿਆ: ਤਾਂ ਕਿ ਉਹ ਜੀਵਨ ਅਤੇ ਮੌਤ ਦੀ ਸਾਰੀ ਪਹੁੰਚ ਵਿੱਚ ਸਾਡਾ ਮਾਸਟਰ ਹੋ ਸਕੇ।"

ਆਇਤਾਂ 6, 7 ਤੋਂ 9 ਤੱਕ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਯਿਸੂ "ਪ੍ਰਭੁ" ਹੈ। ਇਨ੍ਹਾਂ ਆਇਤਾਂ ਤੋਂ ਬਹੁਤ ਸਾਰੀਆਂ ਪ੍ਰਾਸੰਗਿਕਤਾਵਾਂ ਬਣਾਈਆਂ ਜਾ ਸਕਦੀਆਂ ਹਨ। ਕਿਉਂਕਿ ਅਸੀਂ ਪ੍ਰਭੁ ਦੇ ਨਾਲ ਸੰਬੰਧ ਰੱਖਦੇ ਹਾਂ, ਇਸ ਲਈ ਸਾਨੂੰ ਆਪਣੇ ਆਪ ਨੂੰ ਖੁਸ਼ ਕਰਨ ਦੇ ਲਈ ਨਹੀਂ ਜੀਉਣਾ ਚਾਹੀਦਾ ਹੈ, ਪਰ ਸਾਨੂੰ ਉਸ ਨੂੰ ਖੁਸ਼ ਕਰਨ ਦੇ ਲਈ ਜੀਉਣਾ ਚਾਹੀਦਾ ਹੈ; ਭਾਵੇਂ ਅਸੀਂ ਜੀਵੀਏ ਜਾਂ ਮਰੀਏ, ਸਾਡੇ ਵਿਚਾਰ ਉਸ ਤੇ ਹੀ ਕੇਂਦ੍ਰਿਤ ਹੋਣੇ ਚਾਹੀਦੇ ਹਨ (ਵੇਖੋ ਫ਼ਿਲਿੱਪੀਆਂ 1:21–23)। ਪਰ, ਪੌਲੁਸ ਦਾ ਧਿਆਨ ਹੁਣ ਵੀ ਉਸ ਗੱਲ ਤੇ ਸੀ ਕਿ ਸਾਨੂੰ ਇੱਕ ਦੂਜੇ ਦਾ ਨਿਆਂ ਕਿਉਂ ਨਹੀਂ ਕਰਨਾ ਚਾਹੀਦਾ ਹੈ। JB ਆਇਤ 7, 8 ਅਤੇ 9 ਨੂੰ ਬਾਅਦ ਵਿੱਚ ਆਉਣ ਵਾਲੀ ਫਿਟਕਾਰ ਦੇ ਨਾਲ ਜੋੜਦਾ ਹੈ: "*ਇਹ* [ਜੋ ਹੁਣੇ ਕਿਹਾ ਗਿਆ ਸੀ] ਵੀ ਇੱਕ ਕਾਰਣ ਹੈ ਕਿ ਕਿਉਂ ਤੁਸੀਂ ਕਿਸੇ ਭਾਈ ਉੱਤੇ ਕਦੀ ਵੀ ਨਿਆਂ ਨੂੰ ਲਾਗੂ ਨਹੀਂ ਕਰ ਸਕਦੇ ਹੋ" (14:10; ਜ਼ੋਰ ਦਿੱਤਾ ਗਿਆ ਹੈ)।

ਇਹ ਤੱਥ ਕਿ ਮਸੀਹੀ ਪ੍ਰਭੁ ਦੇ ਨਾਲ ਸੰਬੰਧਤ ਹਨ ਤੇਜ ਸਵਾਲਾਂ ਵਰਗਾ ਇੱਕ ਸਵਾਲ ਹੈ: "ਕਿਉਂਕਿ ਪਰਮੇਸ਼ੁਰ ਨੇ ਇੱਕ ਭਾਈ ਨੂੰ ਆਪਣਾ ਮੰਨ ਲਿਆ ਹੈ, ਤਾਂ ਅਸੀਂ ਉਸ ਦਾ ਨਿਆਂ ਕਿਉਂ ਕਰ ਰਹੇ ਹਾਂ?"; "ਅਸੀਂ ਵੀ ਉਸ ਨੂੰ ਸਵੀਕਾਰ ਕਿਉਂ ਨਹੀਂ ਕਰ ਲੈਂਦੇ ਹਾਂ?"

## ਪਰਮੇਸ਼ੁਰ, ਸਭਨਾਂ ਦਾ ਨਿਆਉਂ ਕਰਨ ਵਾਲਾ (14:10-12)

**10ਪਰ ਤੂੰ ਆਪਣੇ ਭਰਾ ਉੱਤੇ ਕਾਹਨੂੰ ਦੋਸ਼ ਲਾਉਂਦਾ ਹੈਂ ਅਥਵਾ ਫੇਰ ਤੂੰ ਆਪਣੇ ਭਰਾ ਨੂੰ ਕਿਉਂ ਤੁੱਛ ਜਾਣਦਾ ਹੈਂ? ਕਿਉਂ ਜੋ ਅਸੀਂ ਸੱਭੇ ਪਰਮੇਸ਼ੁਰ ਦੇ ਨਿਆਉਂ ਸਿੰਘਾਸਣ ਦੇ ਅੱਗੇ ਖੜੇ ਹੋਵਾਂਗੇ।**
**11ਕਿਉਂ ਜੋ ਇਹ ਲਿਖਿਆ ਹੋਇਆ ਹੈ,**

**ਪ੍ਰਭੂ ਆਖਦਾ ਹੈ, ਆਪਣੀ ਜਿੰਦ ਦੀ ਸੌਂਹ,**
**ਹਰ ਇੱਕ ਗੋਡਾ ਮੇਰੇ ਅੱਗੇ ਨਿਵੇਗਾ,**
**ਅਤੇ ਹਰ ਇੱਕ ਜੀਭ ਪਰਮੇਸ਼ੁਰ ਦੇ ਅੱਗੇ ਇਕਰਾਰ ਕਰੇਗੀ।**
12**ਸੋ ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ।**

ਇਹ ਆਇਤਾਂ ਇੱਕ ਪ੍ਰਮੁੱਖ ਵਿਚਾਰ ਦੇ ਨਾਲ ਇੱਕ ਇਕਾਈ ਦੇ ਵਿੱਚ ਸ਼ਾਮਲ ਹਨ: ਅਸੀਂ ਸਾਰੇ ਪਰਮੇਸ਼ੁਰ ਦੇ ਨਿਆਂ ਦੇ ਸਿੰਘਾਸਣ ਦੇ ਸਾਹਮਣੇ ਖੜ੍ਹੇ ਹੋਵਾਂਗੇ।

**ਆਇਤ 10.** ਆਇਤ 10 ਦਾ ਪਹਿਲਾ ਭਾਗ ਉਸ ਵਿਚਾਰ ਵੱਲ ਅਗਵਾਈ ਕਰਦਾ ਹੈ। ਤਰਕ ਦਿੱਤਾ ਗਿਆ ਹੈ ਕਿ ਸਾਨੂੰ ਅੱਗੇ ਤੋਂ ਇੱਕ ਦੂਜੇ ਦਾ ਨਿਆਂ ਨਹੀਂ ਕਰਨਾ ਚਾਹੀਦਾ ਹੈ *ਕਿਉਂਕਿ ਅਸੀਂ ਮਸੀਹ ਵਿੱਚ ਭਰਾ ਅਤੇ ਭੈਣਾਂ ਹਾਂ*।[29]

ਪਹਿਲੇ ਪ੍ਰਸ਼ਨ ਦਾ ਉਦੇਸ਼ "ਕਮਜ਼ੋਰ" ਭਾਈ ਹੋ ਸਕਦਾ ਹੈ (ਵੇਖੋ 14:2, 3): **ਪਰ ਤੂੰ ਆਪਣੇ ਭਰਾ ਉੱਤੇ ਕਾਹਨੂੰ ਦੋਸ਼ ਲਾਉਂਦਾ ਹੈਂ?** ਦੂਸਰਾ ਪ੍ਰਸ਼ਨ "ਮਜ਼ਬੂਤ" ਭਾਈ ਨੂੰ ਸੰਬੋਧਤ ਕਰਦਾ ਹੋ ਸਕਦਾ ਹੈ (ਵੇਖੋ 14:3): **ਅਥਵਾ ਫੇਰ ਤੂੰ ਆਪਣੇ ਭਰਾ ਨੂੰ ਕਿਉਂ ਤੁੱਛ ਜਾਣਦਾ ਹੈਂ?** ਦੋਵੇਂ ਪ੍ਰਸ਼ਨ ਆਇਤ 4 ਵਿੱਚ ਪੁੱਛੇ ਗਏ ਪ੍ਰਸ਼ਨ ਦੀ ਗੂੰਜ ਹਨ: "ਤੂੰ ਪਰਾਏ ਟਹਿਲੂਏ ਉੱਤੇ ਦੋਸ਼ ਲਾਉਣ ਵਾਲਾ ਕੌਣ ਹੁੰਦਾ ਹੈਂ?"। ਪਰ, ਇੱਥੇ, ਆਇਤ 10 ਵਿੱਚ ਪੁੱਛੇ ਗਏ ਸਵਾਲਾਂ ਦੇ ਵਿੱਚ ਇੱਕ ਮਹੱਤਵਪੂਰਣ ਸੰਯੋਜਨ ਕੀਤਾ ਗਿਆ ਹੈ: ਸ਼ਬਦ "ਭਾਈ।" ਜਿਵੇਂ ਸਾਰੀ ਪੱਤ੍ਰੀ ਦੇ ਮਾਮਲੇ ਵਿੱਚ ਹੈ, "ਭਾਈ" ਸ਼ਬਦ ਸਮਾਨ ਅਰਥ ਵਿੱਚ ਭਾਈਆਂ ਅਤੇ ਭੈਣਾਂ ਦੋਵਾਂ ਦਾ ਉਲੇਖ ਕਰਨ ਦੇ ਲਈ ਵਰਤਿਆ ਗਿਆ ਹੈ। ਪੌਲੁਸ ਆਪਣੇ ਪਾਠਕਾਂ ਨੂੰ ਯਾਦ ਦਿਵਾਉਂਦਾ ਹੈ ਕਿ ਅਸੀਂ ਪਰਿਵਾਰ ਹਾਂ!

ਅਸੀਂ ਪਰਿਵਾਰ ਹਾਂ, ਇਸ ਲਈ ਸਾਨੂੰ ਇੱਕ ਦੂਜੇ ਦਾ ਨਿਆਂ ਨਹੀਂ ਕਰਨਾ ਚਾਹੀਦਾ ਹੈ। ਜਦੋਂ ਪਰਿਵਾਰ ਦੀ ਗੱਲ ਆਉਂਦੀ ਹੈ ਤਾਂ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਸਹਿਣ ਲਈ ਤਿਆਰ ਹੋ ਜਾਂਦੇ ਹਨ। ਜੇਕਰ ਅਸੀਂ ਆਪਣੇ ਭੌਤਿਕ ਪਰਿਵਾਰਾਂ ਵਿੱਚ ਮਤਭੇਦਾਂ ਨੂੰ ਸਹਿਣ ਦੇ ਲਈ ਤਿਆਰ ਹੋ ਜਾਂਦੇ ਹਾਂ, ਤਾਂ ਫਿਰ ਸਾਨੂੰ ਆਪਣੇ ਆਤਮਿਕ ਪਰਿਵਾਰ ਵਿਚਲੇ ਲੋਕਾਂ ਦੀ ਸਹਿਣ ਦੇ ਲਈ ਕਿੰਨਾ ਵੱਧ ਕੇ ਤਿਆਰ ਹੋਣਾ ਚਾਹੀਦਾ ਹੈ! ਚਾਰਲਰ ਆਰ. ਸਵਿੰਡਲ ਨੇ ਸੁਝਾਅ ਦਿੱਤਾ ਕਿ ਰੋਮੀਆਂ 14 ਅਧਿਆਇ ਦੀ ਸਮੱਸਿਆ ਇੱਕ *ਭੋਜਨ* ਦੀ ਸਮੱਸਿਆ ਨਹੀਂ ਸੀ। ਇਹ *ਪ੍ਰੇਮ* ਦੀ ਸਮੱਸਿਆ ਸੀ।[30] ਪਤਰਸ ਨੇ ਲਿਖਿਆ ਸੀ "ਸਭ ਤੋਂ ਪਹਿਲਾਂ ਇਹ ਹੈ ਭਈ ਤੁਸੀਂ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ ਕਿਉਂ ਜੋ ਪ੍ਰੇਮ ਬਾਹਲਿਆਂ ਪਾਪਾਂ ਨੂੰ ਢੱਕ ਲੈਂਦਾ ਹੈ" (1 ਪਤਰਸ 4:8)।

ਇਹ ਸਾਨੂੰ ਪਰਮ ਕਾਰਣ ਤੱਕ ਲਿਆਉਂਦੀ ਹੈ ਕਿ ਕਿਉਂ ਸਾਨੂੰ ਇੱਕ ਦੂਜੇ ਦਾ ਨਿਆਂ ਨਹੀਂ ਕਰਨਾ ਚਾਹੀਦਾ ਹੈ: *ਕਿਉਂਕਿ ਪਰਮੇਸ਼ੁਰ ਦੇ ਦੁਆਰਾ ਸਾਡਾ ਸਭਨਾਂ ਦਾ ਨਿਆਂ ਕੀਤਾ ਜਾਵੇਗਾ*। ਆਇਤ 4 ਵਿੱਚ ਇਸ ਤੱਥ ਨੂੰ ਸੂਚਿਤ ਕੀਤਾ ਗਿਆ ਹੈ। ਇੱਥੇ,ਸਪੱਸ਼ਟ ਤੌਰ ਤੇ ਇਹ ਕਿਹਾ ਗਿਆ ਹੈ: **ਜੋ ਅਸੀਂ ਸੱਭੇ ਪਰਮੇਸ਼ੁਰ ਦੇ ਨਿਆਉਂ ਸਿੰਘਾਸਣ ਦੇ ਅੱਗੇ ਖੜੇ**[31] **ਹੋਵਾਂਗੇ**। "ਨਿਆਉਂ ਸਿੰਘਾਸਣ" ਦਾ ਅਨੁਵਾਦ βῆμα (*ਬੀਮਾ*) ਤੋਂ ਕੀਤਾ ਗਿਆ ਹੈ, ਜੋ ਖੁੱਲ੍ਹੀ ਹਵਾ ਵਿੱਚ, ਖੜ੍ਹੇ ਉੱਚੇ ਮੰਚ ਦਾ ਹਵਾਲਾ ਦਿੰਦਾ ਹੈ ਜਿਸ ਦੇ ਸਾਹਮਣੇ ਦੋਸ਼ੀ ਖੜ੍ਹੇ ਹੋਣਗੇ।[32] *ਬੀਮਾ* ਦੇ ਸਾਹਮਣੇ ਖੜ੍ਹੇ ਕੈਦੀ ਪੌਲੁਸ ਦੇ ਪਾਠਕਾਂ ਦੇ ਲਈ ਇੱਕ ਆਮ ਦ੍ਰਿਸ਼ ਹੋ ਗਏ ਸਨ।

ਆਪਣੀ ਦੂਸਰੀ ਸੁਸਮਾਚਾਰ ਪ੍ਰਚਾਰ ਯਾਤਰਾ ਦੇ ਸਮੇਂ ਕੁਰਿੰਥੁਸ ਵਿੱਚ ਆਪਣੇ ਰੁਕਣ ਦੇ ਸਮੇਂ,

ਪੌਲੁਸ ਖੁਦ ਵੀ ਗਾਲੀਓ ਦੇ "ਨਿਆਉਂ ਸਿੰਘਾਸਣ" (*ਬੀਮਾ*) ਸਾਹਮਣੇ ਖੜ੍ਹਾ ਹੋਇਆ ਸੀ (ਰਸੂਲਾਂ ਦੇ ਕਰਤੱਬ 18:12)। ਉਹ ਲੋਕ ਜੋ ਅੱਜ ਕੁਰਿੰਥੁਸ ਦੇ ਪੁਰਾਣੇ ਖੰਡਰਾਂ ਨੂੰ ਵੇਖਣ ਦੇ ਲਈ ਜਾਂਦੇ ਹਨ ਉਹ ਮੁੜ ਉਸਾਰੇ ਗਏ *ਬੀਮਾ* ਨੂੰ ਵੇਖ ਸਕਦੇ ਹਨ। ਇਸ ਦੇ ਸਾਹਮਣੇ ਇੱਕ ਖੁੱਲ੍ਹਾ ਮੈਦਾਨ ਹੁੰਦਾ ਹੈ ਜਿਸ ਵਿਚਕਾਰ ਇੱਕ ਖੰਭਾ ਹੁੰਦਾ ਹੈ, ਜਿਸ ਵਿੱਚ ਦੋਸ਼ੀ ਲੋਕ ਖੜ੍ਹੇ ਹੁੰਦੇ ਸਨ।

ਜਿਵੇਂ ਪੌਲੁਸ ਦੇ ਦਿਨਾਂ ਵਿੱਚ ਮਨੁੱਖ ਰੋਮੀ ਨਿਆਂ-ਪਿੱਠ ਦੇ ਸਾਹਮਣੇ ਖੜ੍ਹੇ ਹੁੰਦੇ ਸਨ, ਉਸੇ ਤਰ੍ਹਾਂ ਅਸੀਂ ਆਪਣੀ ਅਨੰਤ ਸਜ਼ਾ ਨੂੰ ਪ੍ਰਾਪਤ ਕਰਨ ਦੇ ਲਈ ਪਰਮੇਸ਼ੁਰ ਦੇ ਨਿਆਂ ਸਿੰਘਾਸਣ ਦੇ ਸਾਹਮਣੇ ਖੜ੍ਹੇ ਹੋਵਾਂਗੇ। MSG ਵਿੱਚ ਇਹ ਵਿਆਖਿਆ ਸ਼ਾਮਲ ਹੈ: "ਆਖਿਰਕਾਰ, ਸਾਡਾ ਸਾਰਿਆਂ ਦਾ ਅੰਤ . . . ਪਰਮੇਸ਼ੁਰ ਦੇ ਸਾਹਮਣੇ, ਇਕੱਠੇ ਖੜ੍ਹੇ ਹੋਣ ਦੇ ਦੁਆਰਾ ਖਤਮ ਹੋਣ ਵਾਲਾ ਹੈ।"

**ਆਇਤ 11.** ਸਬੂਤ ਦੇ ਤੌਰ ਤੇ ਕਿ ਇਸੇ ਪ੍ਰਕਾਰ ਹੀ ਹੋਵੇਗਾ, ਪੌਲੁਸ ਨੇ ਯਸਾਯਾਹ 45:23 ਦਾ ਹਵਾਲਾ ਦਿੱਤਾ: **ਕਿਉਂ ਜੋ ਇਹ ਲਿਖਿਆ ਹੋਇਆ ਹੈ, ਪ੍ਰਭੁ**[33] **ਆਖਦਾ ਹੈ, ਆਪਣੀ ਜਿੰਦ ਦੀ ਸੌਂਹ, ਹਰ ਇੱਕ ਗੋਡਾ ਮੇਰੇ ਅੱਗੇ ਨਿਵੇਗਾ, ਅਤੇ ਹਰ ਇੱਕ ਜੀਭ ਪਰਮੇਸ਼ੁਰ ਦੇ ਅੱਗੇ ਇਕਰਾਰ ਕਰੇਗੀ।** ਯਸਾਯਾਹ 45 ਅਧਿਆਇ ਇੱਕ ਹਵਾਲਾ ਹੈ "ਜਿਸ ਵਿੱਚ ਪਰਮੇਸ਼ੁਰ ਰਚਨਾ ਅਤੇ ਮੁਕਤੀ ਦੇ ਵਿੱਚ ਆਪਣੀ ਸੱਚਾਈ ਅਤੇ ਸਮਰਥਾ ਦੀ ਤੁਲਨਾ ਮੂਰਤੀਆਂ ਦੇ ਖੋਖਲੇਪਨ ਅਤੇ ਸ਼ਕਤੀਹੀਣਤਾ ਦੇ ਨਾਲ ਕਰਦਾ ਹੈ।"[34] ਇਸ ਹਵਾਲੇ ਦਾ ਅਰਥ ਹੈ ਕਿ ਸਮਾਂ ਆਵੇਗਾ ਜਦੋਂ ਹਰ ਕੋਈ ਪਰਮੇਸ਼ੁਰ ਨੂੰ ਪ੍ਰਭੁ ਅਤੇ ਇੱਕ ਸੱਚੇ ਪਰਮੇਸ਼ੁਰ ਦੇ ਰੂਪ ਵਿੱਚ ਸਵੀਕਾਰ ਕਰੇਗਾ। ਇਹ ਉਸ ਸਮੇਂ ਹੋਵੇਗਾ ਜਦੋਂ ਅਸੀਂ ਨਿਆਂ ਦੇ ਦਿਨ ਉਸ ਦੇ ਨਿਆਂ ਸਿੰਘਾਸਣ ਦੇ ਸਾਹਮਣੇ ਖੜ੍ਹੇ ਹੋਵਾਂਗੇ (ਫ਼ਿਲਿੱਪੀਆਂ 2:10, 11)।

ਕਿਉਂਕਿ ਇੱਕ ਦਿਨ ਅਸੀਂ ਸਾਰੇ ਪਰਮੇਸ਼ੁਰ ਦੇ ਨਿਆਂ ਸਿੰਘਾਸਣ ਦੇ ਸਾਹਮਣੇ ਖੜ੍ਹੇ ਹੋਵਾਂਗੇ, ਇਸ ਲਈ ਸਾਡੇ ਲਈ ਇਹ ਕਿੰਨੀ ਅਯੋਗ ਗੱਲ ਹੈ ਕਿ ਅਸੀਂ ਇੱਕ ਦੂਜੇ ਦਾ ਨਿਆਂ ਕਰੀਏ! ਮੰਨ ਲਵੋ ਕਿ *ਬੀਮਾ* ਦੇ ਸਾਹਮਣੇ ਕੈਦੀਆਂ ਦੀ ਇੱਕ ਲਾਇਨ ਖੜ੍ਹੀ ਹੋ ਕੇ, ਨਿਆਂ ਦੀ ਉਡੀਕ ਕਰ ਰਹੀ ਹੈ। ਅਚਾਨਕ, ਉਨ੍ਹਾਂ ਵਿੱਚੋਂ ਇੱਕ ਜਣਾ ਤੇਜ਼ੀ ਨਾਲ ਭੱਜ ਕੇ *ਬੀਮਾ* ਉੱਤੇ ਚੜ੍ਹ ਗਿਆ। ਉਹ ਕਹਿੰਦਾ ਹੈ, "ਹੁਣ ਮੈਂ ਜੱਜ ਹਾਂ!" ਕਿੰਨਾ ਬੇਵਕੂਫ਼ ਇੱਕ ਬੇਵਕੂਫ਼ ਆਦਮੀ! ਜਦੋਂ ਸਿਪਾਹੀ ਉਸ ਨੂੰ ਖਿੱਚਦੇ ਹੋਏ ਵਾਪਸ ਲਾਇਨ ਵਿੱਚ ਉਸ ਦੇ ਸਥਾਨ ਲੈ ਜਾਂਦਾ ਹੈ, ਤਾਂ ਉਸ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਉਸ ਦਾ ਕੋਈ ਅਧਿਕਾਰ ਨਹੀਂ ਹੈ ਕਿ ਉਹ ਦੂਜਿਆਂ ਦਾ ਨਿਆਂ ਕਰੇ।

**ਆਇਤ 12.** ਪੌਲੁਸ ਨੇ ਕਿਹਾ, **ਸੋ ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ।** ਮੁੱਖ ਵਿਚਾਰ ਇਹ ਹੈ ਕਿ ਹਰੇਕ ਵਿਅਕਤੀ ਵਿਅਕਤੀਗਤ ਤੌਰ ਤੇ ਪਰਮੇਸ਼ੁਰ ਦੇ ਸਾਹਮਣੇ ਜ਼ਿੰਮੇਵਾਰ ਹੈ। ਮੈਂ ਤੁਹਾਡੇ ਬਦਲੇ ਲੇਖਾ ਨਹੀਂ ਦੇਣਾ ਹੈ,ਅਤੇ ਤੁਸੀਂ ਮੇਰੇ ਬਦਲੇ ਲੇਖਾ ਨਹੀਂ ਦੇਵੋਗੇ। "ਸਾਡੇ ਵਿੱਚੋਂ . . . ਹਰੇਕ ਨੇ ਪਰਮੇਸ਼ੁਰ ਨੂੰ *ਆਪੋ ਆਪਣਾ* ਲੇਖਾ ਦੇਣਾ ਹੈ।" ਆਇਤ 12 ਵਿੱਚ ਹੋਰ ਭਾਵ ਹੋ ਸਕਦੇ ਹਨ: (1) ਸਾਨੂੰ ਦੂਜਿਆਂ ਨੂੰ ਆਪਣਾ ਲੇਖਾ ਨਹੀਂ ਦੇਣਾ ਪਵੇਗਾ, ਪਰ ਸਿਰਫ਼ ਪਰਮੇਸ਼ੁਰ ਨੂੰ ਹੀ; (2) ਜੇਕਰ ਅਸੀਂ ਨਿਆਂ ਕਰਨ ਦੇ ਦੋਸ਼ੀ ਹਾਂ, ਤਾਂ ਸਾਨੂੰ ਉਸ ਦੇ ਲਈ ਵੀ ਲੇਖਾ ਦੇਣਾ ਪਵੇਗਾ (ਵੇਖੋ ਮੱਤੀ 7:1, 2)।

ਆਪਣੇ ਜੀ ਉੱਠਣ ਤੋਂ ਬਾਅਦ, ਉਹ (ਗਲੀਲ ਦੀ) ਤਿਬਿਰਿਯਾਸ ਦੀ ਝੀਲ ਤੇ ਆਪਣੇ ਚੇਲਿਆਂ ਤੇ ਪਰਗਟ ਹੋਇਆ (ਯੂਹੰਨਾ 21)। ਯਿਸੂ ਨੇ ਇਸ ਮੌਕੇ ਤੇ ਪਤਰਸ ਦੇ ਨਾਲ ਗੱਲ ਕੀਤੀ,

ਜਿਸ ਨੇ ਉਸ ਦਾ ਇਨਕਾਰ ਕੀਤਾ ਸੀ। ਉਸ ਗੱਲਬਾਤ ਦੇ ਅੰਤ ਵਿੱਚ, ਪਤਰਸ ਨੇ ਯੂਹੰਨਾ ਦੇ ਵਿਸ਼ੇ ਵਿੱਚ ਪੁੱਛਿਆ, ਜੋ ਨੇੜੇ ਖੜ੍ਹਾ ਸੀ: "ਪ੍ਰਭੂ ਜੀ . . . , ਐਸ ਦੇ ਨਾਲ ਕੀ ਬੀਤੇਗੀ?" ਯਿਸੂ ਨੇ ਉੱਤਰ ਦਿੱਤਾ, "ਤੈਨੂੰ ਕੀ? ਤੂੰ ਮੇਰੇ ਮਗਰ ਹੋ ਤੁਰ!" (ਯੂਹੰਨਾ 21:21, 22)। ਦੂਜੇ ਸ਼ਬਦਾਂ ਦੇ ਵਿੱਚ, "ਦੂਜਿਆਂ ਦੇ ਬਾਰੇ ਚਿੰਤਾ ਕਰਨਾ ਬੰਦ ਕਰ ਦੇ ਅਤੇ ਮੇਰੇ ਨਾਲ *ਆਪਣੇ ਖੁਦ ਦੇ* ਸੰਬੰਧ ਦੀ ਚਿੰਤਾ ਕਰਨਾ ਸ਼ੁਰੂ ਕਰ!" MSG ਵਿੱਚ ਰੋਮੀਆਂ 14:12 ਦੀ ਸੰਖੇਪ ਵਿਆਖਿਆ ਇਸ ਪ੍ਰਕਾਰ ਹੈ: "ਤੁਹਾਨੂੰ ਆਪਣੇ ਸੰਪੂਰਣ ਹੱਥ ਕੇਵਲ ਪਰਮੇਸ਼ੁਰ ਦੇ ਸਾਹਮਣੇ ਆਪਣੇ ਜੀਵਨ ਦੀ ਸੰਭਾਲ ਕਰਨ ਦੇ ਲਈ ਹੀ ਮਿਲੇ ਹਨ।"

## ਇੱਕ ਦੂਜੇ ਨੂੰ ਪ੍ਰੇਮ ਵਿੱਚ ਸਵੀਕਾਰ ਕਰਨਾ (14:13-18)

**13ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ ਨਾ ਲਾਈਏ ਸਗੋਂ ਤੁਸੀਂ ਇਹ ਵਿਚਾਰੋ ਭਈ ਠੇਡੇ ਅਥਵਾ ਠੋਕਰ ਵਾਲੀ ਵਸਤ ਤੁਸੀਂ ਆਪਣੇ ਭਰਾ ਦੇ ਰਾਹ ਵਿੱਚ ਨਾ ਰੱਖੋ।**
**14ਮੈਂ ਜਾਣਦਾ ਹਾਂ ਅਤੇ ਪ੍ਰਭੁ ਯਿਸੂ ਤੋਂ ਮੈਨੂੰ ਨਿਹਚਾ ਹੋਈ ਹੈ ਭਈ ਕੋਈ ਵਸਤ ਆਪ ਤੋਂ ਆਪ ਅਸ਼ੁੱਧ ਨਹੀਂ ਪਰ ਜਿਹੜਾ ਕਿਸੇ ਵਸਤ ਨੂੰ ਅਸ਼ੁੱਧ ਮੰਨਦਾ ਹੈ ਉਹ ਉਸ ਦੇ ਲਈ ਅਸ਼ੁੱਧ ਹੈ।**
**15ਜੇਕਰ ਤੇਰੇ ਭੋਜਨ ਕਰਕੇ ਤੇਰਾ ਭਰਾ ਦੁਖੀ ਹੁੰਦਾ ਹੈ ਤਾਂ ਤੂੰ ਅਜੇ ਪ੍ਰੇਮ ਨਾਲ ਨਹੀਂ ਚੱਲਦਾ ਹੈਂ। ਜਿਹ ਦੇ ਲਈ ਮਸੀਹ ਮੋਇਆ ਤੂੰ ਭੋਜਨ ਨਾਲ ਉਹ ਦਾ ਨਾਸ ਨਾ ਕਰ। 16ਸੋ ਤੁਹਾਡੀ ਸੁਬਿਹਤੇ ਦੀ ਬਦਨਾਮੀ ਨਾ ਕੀਤੀ ਜਾਵੇ। 17ਕਿਉਂ ਜੋ ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ। 18ਅਤੇ ਜਿਹੜਾ ਇਸ ਬਿਧ ਨਾਲ ਮਸੀਹ ਦੀ ਸੇਵਾ ਕਰਦਾ ਹੈ ਉਹ ਤਾਂ ਪਰਮੇਸ਼ੁਰ ਨੂੰ ਭਾਉਂਦਾ ਅਤੇ ਮਨੁੱਖਾਂ ਨੂੰ ਪਰਵਾਨ ਹੁੰਦਾ ਹੈ।**

ਕਲੀਸਿਆਈ ਵਿਵਾਦ ਅਕਸਰ ਛੋਟੇ ਹੁੰਦੇ ਹਨ। ਕੁਝ ਮਾਮਲੇ ਮਾਮੂਲੀ ਨਾਲੋਂ ਵੱਧ ਹੁੰਦੇ ਹਨ, ਜਿਵੇਂ "ਵਿਧੀ ਅਤੇ ਮਿਸਾਲ ਅਤੇ ਮਾਣ ਦੇ ਮਾਮਲੇ।"[35]

ਵਿਧੀ: "ਸਾਨੂੰ ਇਸ ਪ੍ਰਾਜੈਕਟ ਨੂੰ ਕਿਵੇਂ ਚਲਾਉਣਾ ਚਾਹੀਦਾ ਹੈ?"
ਮਿਸਾਲ: "ਕੀ ਅਸੀਂ ਇਸ ਨੂੰ ਪਹਿਲਾਂ ਕਦੀ ਇਸ ਤਰੀਕੇ ਦੇ ਨਾਲ ਕੀਤਾ ਹੈ?"
ਮਾਣ: "ਕੰਮ ਹੋ ਜਾਣ ਤੋਂ ਬਾਅਦ ਕਿਸ ਨੂੰ ਕ੍ਰੈਡਿਟ ਮਿਲੇਗਾ?"

ਰੋਮੀਆਂ 14:13–18 ਵਿੱਚ, ਪੌਲੁਸ ਨੇ ਇਨ੍ਹਾਂ ਮਤਭੇਦਾਂ[36] ਨੂੰ ਹੋਰ ਵੀ ਉੱਚੇ ਪੱਧਰ ਤੇ ਉਤਾਂਹ ਚੁੱਕਿਆ। ਜਦੋਂ ਅਸੀਂ ਇੱਕ ਭਾਈ ਦੇ ਨਾਲ ਸਹਿਮਤ ਨਹੀਂ ਹੁੰਦੇ ਹਾਂ, ਤਾਂ ਅਸੀਂ ਉਸ ਨੂੰ ਕੱਟਰਪੰਥੀ, ਜਿੱਦੀ, ਜਾਂ ਸ਼ਾਇਦ ਇੱਥੋਂ ਤਕ ਕਿ ਨਫ਼ਰਤ ਦੇ ਲਾਇਕ ਦੀ ਨਿਗਾਹ ਦੇ ਨਾਲ ਵੀ ਵੇਖ ਸਕਦੇ ਹਾਂ। ਪੌਲੁਸ ਚਾਹੁੰਦਾ ਹੈ ਕਿ ਅਸੀਂ ਉਸ ਨੂੰ ਇੱਕ ਅਜਿਹੇ ਭਾਈ ਦੇ ਵਾਂਗ ਵੇਖੀਏ "ਜਿਹ ਦੇ ਲਈ ਮਸੀਹ ਮੋਇਆ" (14:15)। ਇਹ ਚਾਰ ਸ਼ਬਦ ਸਾਡੇ ਮਨ ਵਿੱਚ ਘਰ ਕਰ ਜਾਣੇ ਚਾਹੀਦੇ ਹਨ: "ਜਿਹ ਦੇ ਲਈ ਮਸੀਹ ਮੋਇਆ।" ਟੀ. ਆਰ. ਗਲੋਵਰ ਨੇ ਸੁਝਾਅ ਦਿੱਤਾ ਹੈ ਕਿ ਉਨ੍ਹਾਂ "ਚਾਰ ਸ਼ਬਦਾਂ ਨੇ [ਅਮਰੀਕਾ ਵਿੱਚ] [37] ਗ਼ੁਲਾਮੀ ਦਾ ਨਾਸ਼ ਕਰ ਦਿੱਤਾ ਸੀ।" ਹਾਲਫੋਰਡ ਈ. ਲੱਕੌਕ ਨੇ ਉਨ੍ਹਾਂ ਨੂੰ "ਨਿਰਸੁਆਰਥ ਚਾਲ-ਚਲਣ ਦੇ ਲਈ ਸਭ ਤੋਂ ਸ਼ਕਤੀਸ਼ਾਲੀ ਤਰਕ . . . ਜੋ ਕਦੀ ਬਣਾਇਆ ਗਿਆ

ਹੋਵੇ"[38] ਕਿਹਾ ਹੈ।

ਰੋਮੀਆਂ ਅਧਿਆਇ 14 ਦੀਆਂ ਪਹਿਲੀਆਂ ਬਾਰ੍ਹਾਂ ਆਇਤਾਂ ਵਿੱਚ, ਪੌਲੁਸ ਨੇ "ਕਮਜ਼ੋਰ" ਅਤੇ "ਮਜ਼ਬੂਤ" ਮਸੀਹੀਆਂ ਦੋਵਾਂ ਨੂੰ ਸੰਬੋਧਤ ਕੀਤਾ ਸੀ। ਅਧਿਆਇ ਦੇ ਅੰਤ ਵਿੱਚ, ਉਸ ਨੇ ਆਪਣੀਆਂ ਟਿੱਪਣੀਆਂ "ਮਜ਼ਬੂਤ" ਮਸੀਹੀਆਂ ਵੱਲ ਨਿਰਦੇਸ਼ਿਤ ਕਰ ਦਿੱਤੀਆਂ ਸਨ। ਉਹ ਚਾਹੁੰਦਾ ਸੀ ਕਿ "ਮਜ਼ਬੂਤ" ਭਾਈ "ਕਮਜ਼ੋਰ" ਭਾਈਆਂ ਨੂੰ ਇੱਕ ਵੱਖਰੇ ਨਜ਼ਰੀਏ ਦੇ ਨਾਲ ਵੇਖਣ। ਪੌਲੁਸ "ਮਜ਼ਬੂਤ" ਭਾਈ ਕੋਲੋਂ ਇਹ ਚਾਹੁੰਦਾ ਸੀ ਕਿ ਉਹ ਇੱਕ "ਕਮਜ਼ੋਰ" ਭਾਈ ਨੂੰ ਇੱਕ *ਵਿਰੋਧੀ* ਦੀ ਨਜ਼ਰ ਨਾਲ ਵੇਖਣ ਦੀ ਬਜਾਇ, ਉਸ ਨੂੰ ਇੱਕ *ਮੌਕੇ* ਦੇ ਤੌਰ ਤੇ ਵੇਖੇ-ਇੱਕ ਅਜਿਹੇ ਵਿਅਕਤੀ ਦੀ ਮਦਦ ਕਰਨ ਦਾ ਮੌਕਾ "ਜਿਹ ਦੇ ਲਈ ਮਸੀਹ ਮੋਇਆ।"

**ਆਇਤ 13.** ਸ਼ੁਰੂਆਤੀ ਸ਼ਬਦ **ਇਸ ਲਈ** ਇਸ ਬਿਆਨ ਨੂੰ ਆਇਤ 1 ਤੋਂ 12 ਦੇ ਨਾਲ ਜੋੜਦਾ ਹੈ। ਇਹ ਪਹਿਲੀਆਂ ਆਇਤਾਂ ਦੇ ਸੰਦੇਸ਼ ਦਾ ਸਿੱਟਾ ਕੱਢਣ ਦਾ ਕੰਮ ਕਰਦਾ ਹੈ: **ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ ਨਾ ਲਾਈਏ।** ਇੱਥੇ ਬਹੁਤ ਸਾਰੇ ਕਾਰਣ ਹਨ ਕਿ ਸਾਨੂੰ ਦੂਜਿਆਂ ਦਾ ਨਿਆਂ ਕਰਨ ਵਿੱਚ ਧੀਮਾ ਕਿਉਂ ਹੋਣਾ ਚਾਹੀਦਾ ਹੈ।

> ਅੰਤਰਯਾਮੀ ਨਾ ਹੋਣ ਦੇ ਕਾਰਣ, ਅਸੀਂ ਸਾਰੇ ਤੱਥਾਂ ਨੂੰ ਨਹੀਂ ਜਾਣਦੇ ਹਾਂ। ਲੋਕਾਂ ਦੇ ਦਿਲਾਂ ਨੂੰ ਨਾ ਵੇਖ ਸਕਣ ਦੇ ਕਾਰਣ, ਅਸੀਂ ਇਰਾਦਿਆਂ ਨੂੰ ਨਹੀਂ ਪੜ੍ਹ ਸਕਦੇ ਹਾਂ। ਸੀਮਿਤ ਹੋਣ ਦੇ ਕਾਰਣ, ਸਾਡੀ "ਵੱਡੀ ਤਸਵੀਰ" ਵਿੱਚ ਕਮੀਆਂ ਹਨ। ਘਟੀਆ ਨਜ਼ਰ ਹੋਣ ਦੇ ਕਾਰਣ, ਅਸੀਂ ਅੰਨ੍ਹੇਪਣ ਦੇ ਧੱਬਿਆਂ ਅਤੇ ਧੁੰਦਲੇ ਦ੍ਰਿਸ਼ਟੀਕੋਣਾਂ ਦੇ ਨਾਲ ਜੀਉਂਦੇ ਹਾਂ। ਸਭ ਤੋਂ ਵੱਧ ਕੇ, ਮਨੁੱਖ ਹੋਣ ਦੇ ਨਾਤੇ,ਅਸੀਂ ਅਪੂਰਣ, ਪਰਸਪਰ ਵਿਰੋਧੀ, ਅਤੇ ਕਾਲਪਨਿਕ ਹਾਂ। [39]

ਆਇਤ 13 ਦੀਆਂ ਸ਼ੁਰੂਆਤੀ ਹਿਦਾਇਤਾਂ ਸ਼ਬਦਾਂ ਉੱਤੇ ਇੱਕ ਖੇਡ ਹੈ: "ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ [*ਕਰੀਨੋ ਤੋਂ* ] ਨਾ ਲਾਈਏ," **ਸਗੋਂ ਤੁਸੀਂ ਇਹ ਵਿਚਾਰੋ** [ਕਰੀਨੋ ਤੋਂ ]। KJV ਕਰੀਨੋਦੇ ਦੋਹਰੇ ਉਪਯੋਗ ਨੂੰ ਦਰਸਾਉਂਦਾ ਹੈ: "ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ *ਦੋਸ਼* ਨਾ ਲਾਈਏ: ਸਗੋਂ ਤੁਸੀਂ ਇਹ *ਵਿਚਾਰੋ* " (ਜ਼ੋਰ ਦਿੱਤਾ ਗਿਆ ਹੈ)।[40] ਸਾਨੂੰ ਇੱਕ ਦੂਜੇ ਨੂੰ ਪਰਖਣਾ ਬੰਦ ਕਰਕੇ ਆਪਣੇ ਆਪ ਨੂੰ ਪਰਖਣਾ ਸ਼ੁਰੂ ਕਰਨਾ ਚਾਹੀਦਾ ਹੈ।

ਪੌਲੁਸ ਨੇ ਇੱਕ ਸਹੀ ਕਰਮ ਦੇ ਲਈ ਇੱਕ ਸਹੀ ਦ੍ਰਿਸ਼ਟੀਕੋਣ ਦੀ ਲੋੜ ਨੂੰ ਮਿਲਾਇਆ, ਇਹ ਕਹਿੰਦੇ ਹੋਏ ਕਿ ਸਾਨੂੰ ਇਹ "ਤੈਅ ਕਰ ਲੈਣਾ ਚਾਹੀਦਾ ਹੈ" **ਭਈ ਠੇਡੇ ਅਥਵਾ ਠੋਕਰ ਵਾਲੀ ਵਸਤ ਤੁਸੀਂ ਆਪਣੇ ਭਰਾ ਦੇ ਰਾਹ ਵਿੱਚ ਨਾ ਰੱਖੋ।** ਯੂਨਾਨੀ ਸ਼ਬਦ ਜਿਨ੍ਹਾਂ ਦੇ ਅਨੁਵਾਦ "ਠੇਡੇ" ਅਤੇ "ਠੋਕਰ ਵਾਲੀ ਵਸਤੂ" ਹਨ। "ਠੇਡੇ" πρόσκομμα (*ਪ੍ਰੋਸਕੋਮਾ*) ਤੋਂ ਹੈ, ਜੋ πρός (*ਪ੍ਰੋਸ,* "ਤੋਂ") ਅਤੇ κόπτω (*ਕੋਪਟੋ,* "ਸੱਟ ਲੱਗਣੀ") ਦਾ ਸੁਮੇਲ ਹੈ। ਸ਼ਬਦ "ਇੱਕ ਰੋੜਾ ਜਿਸ ਦੇ ਨਾਲ ਕੋਈ ਠੇਡਾ ਖਾ ਸਕਦਾ ਹੈ।"[41] "ਠੋਕਰ ਵਾਲੀ ਵਸਤ" σκάνδαλον (*ਸਕੈਨਡਲੋਨ*) ਵਿੱਚੋਂ ਹੈ,ਜਿਸ ਵਿੱਚੋਂ ਸਾਨੂੰ ਸ਼ਬਦ "ਸਕੈਡੱਲ" ਅਤੇ "ਸਕੈਨਡਲੱਸ"[42] ਪ੍ਰਾਪਤ ਹੋਏ ਹਨ। ਅਸਲ ਵਿੱਚ, *ਸਕੈਨਡਲੋਨ* "ਇੱਕ ਜਾਲ ਦਾ ਨਾਮ ਹੈ ਜਿਸ ਵਿੱਚ ਦਾਣਾ ਲਾਇਆ [ਸੀ] ਜਾਂਦਾ ਸੀ।" (CJB ਇਸ ਸ਼ਬਦ ਦਾ ਅਨੁਵਾਦ "ਫਾਹੀ" ਕਰਦਾ ਹੈ; ਆਰ. ਸੀ. ਐਚ. ਲੇਨਸਕੀ ਦਾ ਅਨੁਵਾਦ ਸ਼ਬਦ "ਮੌਤ ਦੀ ਫਾਹੀ"[43] ਨੂੰ ਵਰਤਦਾ ਹੈ।) ਨਵੇਂ ਨੇਮ ਵਿੱਚ, *ਸਕੈਨਡਲੋਨ* ਹਮੇਸ਼ਾ ਅਲੰਕਾਰਿਕ ਰੂਪ ਵਿੱਚ ਇਸਤੇਮਾਲ

ਹੋਇਆ ਹੈ ਅਤੇ ਉਸ ਚੀਜ਼ ਦਾ ਹਵਾਲਾ ਦਿੰਦਾ ਹੈ ਜੋ "ਦੂਜਿਆਂ ਦੇ ਲਈ ਇੱਕ ਰੁਕਾਵਟ ਬਣਦੀ ਹੈ, ਜਾਂ ਉਨ੍ਹਾਂ ਦੇ ਰਾਹ ਵਿੱਚ ਡਿੱਗ ਜਾਣ ਦਾ ਕਾਰਣ ਬਣਦੀ ਹੈ।"[44]

ਰਸੂਲ ਸਾਡੇ ਅੱਗੇ ਬੇਨਤੀ ਕਰ ਰਿਹਾ ਸੀ ਕਿ ਅਸੀਂ ਇੱਕ ਭਾਈ ਦੇ ਰਾਹ ਦੇ ਵਿੱਚ ਇੱਕ ਠੇਡੇ ਜਾਂ ਠੋਕਰ ਵਾਲੀ ਚੀਜ਼ ਨਾ ਰੱਖੀਏ। ਅਸੀਂ ਅਜਿਹਾ *ਕੁਝ ਵੀ* ਨਹੀਂ ਕਰਨਾ ਹੈ ਜੋ ਸਾਡੇ ਭਾਈ ਲਈ ਠੋਕਰ ਖਾਣ ਜਾਂ ਡਿੱਗਣ ਦਾ ਕਾਰਣ ਬਣੇ। ਸਾਡੇ ਦਿਮਾਗਾਂ ਦੇ ਵਿੱਚ ਹਮੇਸ਼ਾ ਇੱਕ ਪ੍ਰਸ਼ਨ ਹੋਣਾ ਚਾਹੀਦਾ ਹੈ: "ਜੋ ਮੈਂ ਕਰ ਰਿਹਾ ਹਾਂ ਉਹ ਮੇਰੇ ਭਾਈ ਤੇ ਕਿਵੇਂ ਪ੍ਰਭਾਵ ਪਾਵੇਗਾ?" ਸੰਸਾਰ ਵਿਚਲੇ ਲੋਕਾਂ ਨੂੰ ਆਪਣੇ ਅਧਿਕਾਰਾਂ ਦੀ ਚਿੰਤਾ ਹੈ; ਮਸੀਹੀਆਂ ਨੂੰ ਉਸ ਤੋਂ ਵੱਧ ਕੇ ਆਪਣੀਆਂ ਜ਼ਿੰਮੇਵਾਰੀਆਂ ਦੀ ਚਿੰਤਾ ਹੈ।[45]

**ਆਇਤ 14.** ਇਹ ਆਇਤ ਪੌਲੁਸ ਦੀ ਮਾਸ ਖਾਣ ਦੇ ਮੁੱਦੇ ਤੇ ਰਸੂਲ ਦੀ ਸਥਿਤੀ ਦੇ ਇੱਕ ਮਜ਼ਬੂਤ ਪ੍ਰਗਟਾਵੇ ਨਾਲ ਸ਼ੁਰੂ ਹੁੰਦੀ ਹੈ: **ਮੈਂ ਜਾਣਦਾ ਹਾਂ ਅਤੇ ਪ੍ਰਭੂ ਯਿਸੂ ਤੋਂ ਮੈਨੂੰ ਨਿਹਚਾ ਹੋਈ ਹੈ।** ਇਹ ਪੌਲੁਸ ਦਾ ਕਹਿਣ ਦਾ ਤਰੀਕਾ ਹੈ, "ਇੱਥੇ ਮੇਰੇ ਮਨ ਵਿੱਚ ਬਿਲਕੁਲ ਕੋਈ ਡਰ *ਨਹੀਂ* ਹੈ।" "ਪ੍ਰਭੂ ਯਿਸੂ ਤੋਂ" ਦਾ ਅਰਥ ਹੋ ਸਕਦਾ ਹੈ ਕਿ ਰਸੂਲ ਨੇ ਇਸ ਮਾਮਲੇ ਦੇ ਵਿਸ਼ੇ ਵਿੱਚ ਯਿਸੂ ਤੋਂ ਇੱਕ ਖਾਸ ਪ੍ਰਕਾਸ਼ਨ ਪ੍ਰਾਪਤ ਕੀਤਾ ਸੀ, ਜਾਂ ਇਨ੍ਹਾਂ ਸ਼ਬਦਾਂ ਦਾ ਅਰਥ ਹੋ ਸਕਦਾ ਹੈ ਕਿ ਪ੍ਰਭੂ ਦੇ ਨਾਲ ਆਪਣੀ ਲੰਬੀ ਸੰਗਤੀ ਦੇ ਪਰਿਣਾਮ ਦੇ ਰੂਪ ਵਿੱਚ ਉਹ ਇਸ ਸਿੱਟੇ ਤੇ ਪੁੱਜਾ ਹੈ।[46]

ਕਿਹੜੀ ਚੀਜ਼ ਉੱਤੇ ਪੌਲੁਸ ਨੂੰ ਪੂਰਾ ਭਰੋਸਾ ਸੀ? **ਭਈ ਕੋਈ ਵਸਤ ਆਪ ਤੋਂ ਆਪ ਅਸ਼ੁੱਧ ਨਹੀਂ।** "ਅਸ਼ੁੱਧ" ਦੇ ਲਈ ਯੂਨਾਨੀ ਸ਼ਬਦ κοινός (*ਕੋਈਨੋਸ*) ਹੈ, ਜਿਸ ਦਾ ਅਰਥ "ਆਮ" ਵੀ ਹੈ। ਇਹ ਇੱਕ ਸ਼ਬਦ ਸੀ ਜੋ ਯਹੂਦੀਆਂ ਦੇ ਰਾਹੀਂ "ਰਸਮੀ ਤੌਰ ਤੇ ਅਸ਼ੁੱਧ"[47] ਦਾ ਹਵਾਲਾ ਦੇਣ ਦੇ ਲਈ ਇਸਤੇਮਾਲ ਕੀਤਾ ਜਾਂਦਾ ਸੀ। ਪੌਲੁਸ ਦੇ ਬਿਆਨ ਵਿੱਚ ਕੁਝ ਯੋਗਤਾ ਦੀ ਲੋੜ ਹੈ ਕਿਉਂਕਿ, ਦੂਜੀਆਂ ਪੱਤ੍ਰੀਆਂ ਵਿੱਚ, ਉਹ "ਕਾਫੀ ਸਪੱਸ਼ਟ ਹੈ ਕਿ ਸਾਡੇ ਕੁਝ ਵਿਚਾਰ, ਸ਼ਬਦ ਅਤੇ ਕੰਮ ਅੰਦਰੂਨੀ ਤੌਰ ਤੇ ਬੁਰੇ ਹਨ।"[48] ਮੂਲ ਰੂਪ ਵਿੱਚ, ਪਰਮੇਸ਼ੁਰ ਨੇ ਘੋਸ਼ਣਾ ਕੀਤੀ ਕਿ ਹਰ ਚੀਜ਼ ਜੋ ਉਸ ਨੇ ਬਣਾਈ ਸੀ ਉਹ "ਚੰਗੀ" ਸੀ (ਉਤਪਤ 1:31), ਪਰ ਉਸ ਦੀ (ਜੇਕਰ ਸਾਰੀ ਨਹੀਂ) ਤਾਂ ਜ਼ਿਆਦਾਤਰ ਰਚਨਾ ਦਾ ਦੁਰਪਯੋਗ ਅਤੇ ਅਤੇ ਉਸ ਨਾਲ ਦੁਰਵਿਹਾਰ ਕੀਤਾ ਗਿਆ ਹੈ। ਫਿਰ ਵੀ, "ਆਪਣੇ ਆਪ ਵਿੱਚ" (ਇਸ ਦੇ ਜ਼ਰੂਰੀ ਪ੍ਰਭਾਵ ਵਿੱਚ), ਰਚਨਾ "ਚੰਗੀ" ("ਸ਼ੁੱਧ") ਹੈ (ਵੇਖੋ 1 ਤਿਮੋਥਿਉਸ 4:4)। ਪ੍ਰਸੰਗ ਵਿੱਚ, ਪੌਲੁਸ ਖਾਸ ਤੌਰ ਤੇ ਮਾਸ ਦੇ ਬਾਰੇ ਗੱਲ ਕਰ ਰਿਹਾ ਸੀ। ਭਾਵੇਂ ਮਾਸ ਮੂਰਤੀਆਂ ਨੂੰ ਚੜ੍ਹਾਇਆ ਜਾਂਦਾ ਸੀ, ਜਾਂ ਇੱਥੋਂ ਤੱਕ ਕਿ ਇਹ ਕੋਸ਼ਰ ਦੀਆਂ ਲੋੜਾਂ ਦੇ ਅਨੁਸਾਰ ਤਿਆਰ ਨਹੀਂ ਕੀਤਾ ਗਿਆ ਸੀ, ਕੋਈ ਮਾਸ "ਆਪਣੇ ਆਪ ਵਿੱਚ" ਅਸ਼ੁੱਧ ਨਹੀਂ ਸੀ।

ਫਿਰ ਪੌਲੁਸ ਨੇ ਕਿਹਾ, **ਪਰ ਜਿਹੜਾ ਕਿਸੇ ਵਸਤ ਨੂੰ ਅਸ਼ੁੱਧ ਮੰਨਦਾ ਹੈ ਉਹ ਉਸ ਦੇ ਲਈ ਅਸ਼ੁੱਧ ਹੈ।** ਕਿਉਂ? "ਕਿਉਂਕਿ ਉਹ ਇਸ ਨੂੰ ਸ਼ੁੱਧ ਅੰਤਹਕਰਨ ਦੇ ਨਾਲ ਇਸ ਨੂੰ ਇਸਤੇਮਾਲ ਨਹੀਂ ਕਰ ਸਕਦਾ ਜਾਂ ਇਸ ਵਿੱਚ ਹਿੱਸਾ ਨਹੀਂ ਲੈ ਸਕਦਾ।"[49] ਸਾਨੂੰ ਅੰਤਹਕਰਨ ਦੇ ਬਾਰੇ ਇਸ ਅਹਿਮ ਸੱਚਾਈ ਨੂੰ ਸਮਝਣ ਦੀ ਲੋੜ ਹੈ: ਜੇਕਰ ਤੁਹਾਡਾ ਅੰਤਹਕਰਨ ਤੁਹਾਨੂੰ ਕਹਿੰਦਾ ਹੈ ਕਿ ਕੋਈ ਚੀਜ਼ *ਤੁਹਾਡੇ* ਲਈ ਗਲਤ ਹੈ, ਤਾਂ ਉਹ ਗਲਤ ਹੈ। ਰੋਮੀਆਂ 2:14, 15 ਦੀਆਂ ਸਾਡੀਆਂ ਟਿੱਪਣੀਆਂ ਵਿੱਚ, ਅਸੀਂ ਵੇਖਿਆ ਹੈ ਕਿ ਕਿਸੇ ਦੇ ਅੰਤਹਕਰਨ ਨੂੰ ਭ੍ਰਿਸ਼ਟ ਨਾ ਕਰਨਾ ਕਿੰਨਾ ਮਹੱਤਵਪੂਰਣ ਹੈ। ਜਦੋਂ ਇੱਕ ਵਿਅਕਤੀ ਉਸ ਕੰਮ ਨੂੰ ਕਰਨ ਦੇ ਵਿੱਚ ਲੱਗਾ ਰਹਿੰਦਾ ਹੈ ਜਿਸ ਦੇ ਬਾਰੇ ਉਸ ਦਾ

ਅੰਤਹਕਰਨ ਉਸ ਨੂੰ ਦੱਸਦਾ ਹੈ ਕਿ ਉਹ ਗਲਤ ਹੈ, ਤਾਂ ਉਹ ਆਪਣੇ ਅੰਤਹਕਰਨ ਨੂੰ ਦਾਗਦਾ ਹੈ (1 ਤਿਮੋਥਿਉਸ 4:2), ਅਤੇ ਪਰਮੇਸ਼ੁਰ ਦੁਆਰਾ ਦਿੱਤੇ ਗਏ ਸੁਰੱਖਿਆ ਕਵਚ ਦੇ ਤੌਰ ਤੇ ਇਸ ਨੂੰ ਆਪਣਾ ਕੰਮ ਕਰਨ ਦੇ ਅਯੋਗ ਬਣਾਉਂਦਾ ਹੈ। ਜੇਕਰ ਕੋਈ ਇੱਕ ਗਲਤ ਧਾਰਣਾ ਦੀ ਸ਼ਰਨ ਲੈਂਦਾ ਹੈ (ਜਿਵੇਂ ਇੱਕ "ਕਮਜ਼ੋਰ" ਭਾਈ ਨੇ ਕੀਤਾ ਸੀ), ਅੰਤਹਕਰਨ ਨੂੰ ਫਿਰ ਤੋਂ ਸਿਖਾਉਣ ਦੀ ਜ਼ਰੂਰਤ ਹੈ; ਪਰ, ਜਦੋਂ ਤੱਕ ਉਹ ਹੁੰਦਾ ਹੈ, ਉਹ ਆਪਣੇ ਅੰਤਹਕਰਣ ਦੇ ਵਿਰੁੱਧ ਨਹੀਂ ਜਾਂਦਾ ਹੈ। ਜੇਕਰ ਉਹ "*ਸੋਚਦਾ ਹੈ* ਕਿ ਕੋਈ ਚੀਜ਼ ਅਸ਼ੁੱਧ ਹੈ, ਤਾਂ ਉਸ ਦੇ ਲਈ ਉਹ ਅਸ਼ੁੱਧ ਹੈ।"

ਸਾਰੇ ਮਸੀਹੀਆਂ ਦੇ ਲਈ ਇੱਕ ਸੰਦੇਸ਼ ਹੈ, ਭਾਵੇਂ ਉਹ "ਮਜ਼ਬੂਤ" ਜਾਂ "ਕਮਜ਼ੋਰ" ਮਸੀਹੀ ਹੋਵੇ, ਆਇਤ 14 ਵਿੱਚ ਹੈ – ਪਰ ਸਾਨੂੰ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਪੌਲੁਸ ਦੇ ਸ਼ਬਦ ਖਾਸ ਤੌਰ ਤੇ "ਮਜ਼ਬੂਤ" ਨੂੰ ਸੰਬੋਧਿਤ ਕਰ ਰਹੇ ਸਨ। ਰਸੂਲ ਚਾਹੁੰਦਾ ਸੀ ਕਿ "ਮਜ਼ਬੂਤ" ਭਾਈ ਦੀ "ਕਮਜ਼ੋਰ" ਭਾਈ ਦੇ ਪ੍ਰਤਿ ਇੱਕ ਵੱਡੀ ਸਮਝ ਹੋਵੇ, ਉਸ ਦੇ ਪ੍ਰਤਿ ਹੋਰ ਜ਼ਿਆਦਾ ਦਯਾ ਹੋਵੇ। ਉਹ ਇੱਕ ਕਮਜ਼ੋਰ ਭਾਈ ਸੀ "ਜਿਸ ਦੇ ਲਈ ਮਸੀਹ ਮਰਿਆ।"

**ਆਇਤ 15. ਜੇਕਰ** (γάρ, *ਗਰ*) ਦਾ ਅਰਥ ਹੈ "ਦੇ ਲਈ ਕਾਰਣ ਵਿਖਾਉਣਾ।" ਸ਼ਾਇਦ ਇਸ ਸ਼ਬਦ ਦਾ ਆਇਤ 13 ਦੇ ਨਾਲ ਇੱਕ ਸੰਪਰਕ ਹੈ, ਜੋ ਕਹਿੰਦੀ ਹੈ "ਭਈ ਠੇਡੇ ਅਥਵਾ ਠੋਕਰ ਵਾਲੀ ਵਸਤ ਤੁਸੀਂ ਆਪਣੇ ਭਰਾ ਦਾ ਰਾਹ ਵਿੱਚ ਨਾ ਰੱਖੋ।" ਕਿਉਂ ਨਹੀਂ? ਇਸ ਕਾਰਣ: **ਜੇਕਰ ਤੇਰੇ ਭੋਜਨ ਕਰਕੇ ਤੇਰਾ ਭਰਾ ਦੁਖੀ ਹੁੰਦਾ ਹੈ ਤਾਂ ਤੂੰ ਅਜੇ ਪ੍ਰੇਮ ਨਾਲ ਨਹੀਂ ਚੱਲਦਾ ਹੈਂ**। ਇੱਥੇ ਯੂਨਾਨੀ ਸ਼ਬਦ (βρῶμα, *ਬਰੂਮਾ*) "ਭੋਜਨ" ਦੇ ਲਈ ਇੱਕ ਆਮ ਸ਼ਬਦ ਹੈ, ਜਦਕਿ ਇਹ ਮਾਸ ਦਾ ਹਵਾਲਾ ਦਿੰਦਾ ਹੈ ਜਿਸ ਨੂੰ ਕੁਝ ਮਸੀਹੀ ਲੋਕ ਖਾਂਦੇ ਸਨ ਜਦਕਿ ਬਾਕੀ ਨਹੀਂ ਖਾਂਦੇ ਸਨ।

ਵਾਕ "ਦੁਖੀ ਹੁੰਦਾ ਹੈ" λυπέω (*ਲਿਊਪੇਓ*) ਤੋਂ ਹੈ, "ਇੱਕ ਸ਼ਕਤੀਸ਼ਾਲੀ ਸ਼ਬਦ"[50] ਜਿਸ ਦਾ ਅਰਥ "ਦੁਖੀ ਹੋਣਾ, ਵਿਆਕੁਲ ਹੋਣਾ, ਰੰਜ ਹੋਣਾ।"[51] ਪ੍ਰਸੰਗ ਵਿੱਚ, *ਲਿਊ ਪੇਓ* ਸਿਰਫ ਭਾਵਨਾਤਮਕ ਰੂਪ ਨਾਲ ਪਰੇਸ਼ਾਨ ਹੋਣ ਤੋਂ ਵੱਧ ਕੇ ਦਾ ਹਵਾਲਾ ਦਿੰਦਾ ਹੈ। ਆਇਤ 15 ਦਾ ਅਗਲਾ ਵਾਕ "ਦੁਖੀ" ਹੁੰਦਾ ਹੈ ਦਾ ਸੰਬੰਧ ਨਾਸ਼ ਕੀਤਾ ਜਾ ਰਿਹਾ ਦੇ ਨਾਲ ਹੈ। ਪੌਲੁਸ ਇੱਕ ਭਾਈ ਦੇ *ਆਤਮਿਕ* ਦੁਖ, *ਅਨੰਤ ਕਾਲ* ਦੇ ਲਈ ਨਾਸ਼ ਹੋ ਜਾਣ ਦੀ ਗੱਲ ਕਰ ਰਿਹਾ ਸੀ।

ਕਿਵੇਂ ਮਾਸ ਖਾਣਾ ਇੱਕ "ਕਮਜ਼ੋਰ" ਭਾਈ ਦੇ ਲਈ ਉਦਾਸ ਹੋਣ, ਠੋਕਰ ਲੱਗਣ ਅਤੇ ਡਿੱਗਣ, ਨਾਸ਼ ਹੋਣ ਦਾ ਕਾਰਣ ਬਣਦਾ ਹੈ? ਇਸ ਦਾ ਉੱਤਮ ਜਵਾਬ 1 ਕੁਰਿੰਥੀਆਂ 8 ਵਿੱਚ ਮਿਲਦਾ ਹੈ, ਜੋ ਭਾਵੇਂ ਸਮਾਨ ਨਹੀਂ, ਪਰ ਮਿਲਦੀ-ਜੁਲਦੀ ਸਥਿਤੀ ਬਾਰੇ ਦੱਸਦਾ ਹੈ:

> ਸੋ ਮੂਰਤੀਆਂ ਦੀਆਂ ਭੇਟਾਂ ਦੇ ਖਾਣ ਵਿਖੇ ਅਸੀਂ ਜਾਣਦੇ ਹਾਂ ਜੋ ਮੂਰਤੀ ਜਗਤ ਵਿੱਚ ਕੁਝ ਨਹੀਂ ਅਤੇ ਇੱਕ ਪਰਮੇਸ਼ੁਰ ਤੋਂ ਛੁੱਟ ਦੂਜਾ ਕੋਈ ਨਹੀਂ . . . ਪਰ ਸਭਨਾਂ ਨੂੰ ਇਹ ਇਲਮ ਨਹੀਂ ਸਗੋਂ ਕਈਕੁ ਜਿਹੜੇ ਹੁਣ ਤੀਕ ਮੂਰਤੀ ਨਾਲ ਗਿੱਝੇ ਹੋਏ ਹਨ ਉਹ ਨੂੰ ਮੂਰਤੀ ਦੀ ਭੇਟ ਦਾ ਮਾਸ ਕਰਕੇ ਖਾ ਲੈਂਦੇ ਹਨ ਅਤੇ ਉਨ੍ਹਾਂ ਦਾ ਅੰਤਹਕਰਨ ਨਿਤਾਣਾ ਹੋਕੇ ਮਲੀਨ ਹੋ ਜਾਂਦਾ ਹੈ। ਪਰ ਭੋਜਨ ਸਾਨੂੰ ਪਰਮੇਸ਼ੁਰ ਅੱਗੇ ਨਹੀਂ ਸਲਾਹੇਗਾ। ਜੇ ਨਾ ਖਾਈਏ ਸਾਨੂੰ ਕੁਝ ਘਾਟਾ ਨਹੀਂ ਅਤੇ ਜੇ ਖਾਈਏ ਤਾਂ ਕੁਝ ਵਾਧਾ ਨਹੀਂ। ਪਰ ਸੁਚੇਤ ਰਹੋ ਭਈ ਤੁਹਾਡਾ ਇਹ ਹੱਕ ਕਿਤੇ ਨਿਤਾਣਿਆਂ ਲਈ ਠੋਕਰ ਲਾਉਣ ਦਾ ਕਾਰਨ ਨਾ ਹੋਵੇ। ਕਿਉਂਕਿ ਜੇ ਕੋਈ ਤੈਨੂੰ ਜਿਹੜਾ ਇਲਮ ਰੱਖਦਾ ਹੈਂ ਮੂਰਤੀ ਦੇ ਮੰਦਰ ਵਿੱਚ ਬੈਠਿਆਂ ਖਾਂਦੇ ਵੇਖੇ ਤਾਂ ਜੇ ਉਹ ਨਿਤਾਣਾ ਹੈ ਕੀ ਉਹ ਦਾ ਅੰਤਹਕਰਨ ਮੂਰਤੀਆਂ ਦੀ ਭੇਟਾਂ ਦੇ ਖਾਣ ਨੂੰ ਦਿਲੇਰ ਨਹੀਂ ਹੋਵੇਗਾ? ਸੋ ਤੇਰੇ

ਇਲਮ ਦੇ ਕਾਰਨ ਉਹ ਜੋ ਨਿਤਾਣਾ ਹੈ ਨਾਸ ਹੁੰਦਾ ਅਰਥਾਤ ਉਹ ਭਾਈ ਜਿਹ ਦੇ ਲਈ ਮਸੀਹ ਮੋਇਆ (1 ਕੁਰਿੰਥੀਆਂ 8:4–11)।

ਮੂ ਨੇ ਇੱਕ ਹੋਰ ਸੰਭਾਵਨਾ ਨੂੰ ਜੋੜ ਦਿੱਤਾ: ਇੱਕ "ਮਜ਼ਬੂਤ" ਭਾਈ ਦੁਆਰਾ ਆਪਣੀ ਮਾਸ ਖਾਣ ਦੀ ਆਜ਼ਾਦੀ ਵਿੱਚ ਸ਼ਾਨ ਵਿਖਾਉਣਾ ਸ਼ਾਇਦ ਇੱਕ "ਕਮਜ਼ੋਰ" ਭਾਈ ਨੂੰ ਇੰਨਾ ਨਰਾਜ਼ ਕਰੇ ਕਿ ਉਹ ਪੂਰੀ ਤਰ੍ਹਾਂ ਦੇ ਨਾਲ ਚਲਾ ਜਾਵੇਗਾ।[52] ਹਾਲਾਂਕਿ, ਪੌਲੁਸ ਦੀ ਮੁੱਖ ਚਿੰਤਾ ਦਾ ਵਿਸ਼ੇ ਸ਼ਾਇਦ ਇਹ ਸੀ, ਜਦੋਂ "ਕਮਜ਼ੋਰ" ਭਾਈ "ਮਜ਼ਬੂਤ" ਭਾਈ ਨੂੰ ਮਾਸ ਖਾਂਦੇ ਵੇਖਿਆ, ਤਾਂ ਉਹ ਵੀ ਮਾਸ ਖਾ ਜਾਵੇਗਾ-ਭਾਵੇਂ ਉਸ ਦਾ ਅੰਤਹਕਰਨ ਉਸ ਨੂੰ ਕਹੇ ਕਿ ਇਹ ਗਲਤ ਹੈ। ਇਸ ਤਰ੍ਹਾਂ ਕਰਨ ਦੇ ਨਾਲ, ਉਹ ਪਾਪ ਕਰੇਗਾ ਅਤੇ ਦੋਸ਼ੀ ਠਹਿਰੇਗਾ (14:23)।

ਉਹ ਸ਼ਕਤੀਸ਼ਾਲੀ ਸੰਦੇਸ਼ ਜੋ ਪੌਲੁਸ ਦੇਣਾ ਚਾਹੁੰਦਾ ਸੀ ਉਹ ਇਹ ਸੀ: ਜੇਕਰ ਇੱਕ ਮਸੀਹੀ ਆਪਣੇ ਕੰਮਾਂ ਦੇ ਰਾਹੀਂ ਆਪਣੇ ਭਾਈ ਨੂੰ ਆਤਮਿਕ ਤੌਰ ਤੇ ਦੁਖ ਦਿੰਦਾ ਹੈ, ਤਾਂ ਉਹ "ਅਗਾਂਹ ਤੋਂ ਪ੍ਰੇਮ ਦੇ ਅਨੁਸਾਰ ਨਹੀਂ ਚੱਲਦਾ ਹੈਂ।"[53] ਪੌਲੁਸ ਦੀ ਚਿੰਤਾ ਕੌਣ ਸਹੀ ਅਤੇ ਕੌਣ ਗਲਤ ਦੇ ਵਿਸ਼ੇ ਵਿੱਚ ਉੱਨੀ ਨਹੀਂ ਸੀ ਜਿੰਨੀ ਪ੍ਰੇਮ ਦਿਖਾਏ ਜਾਣ ਦੇ ਵਿਸ਼ੇ ਵਿੱਚ ਸੀ।

ਰੋਮੀਆਂ 13:8 ਵਿੱਚ, ਪੌਲੁਸ ਨੇ ਹੁਕਮ ਦਿੱਤਾ, "ਇੱਕ ਦੂਏ ਨਾਲ *ਪਿਆਰ* ਕਰਨ ਤੋਂ ਬਿਨਾ ਕਿਸੇ ਦੇ ਕਰਜਦਾਰ ਨਾ ਰਹੋ" (ਜ਼ੋਰ ਦਿੱਤਾ ਗਿਆ ਹੈ)। ਲੀਓਨ ਮੌਰਿਸ ਨੇ ਲਿਖਿਆ, "ਮਸੀਹੀਆਂ ਦੇ ਲਈ [,] ਪ੍ਰੇਮ ਮਾਪਦੰਡ ਅਤੇ ਪ੍ਰੇਮ ਹੀ ਉਦੇਸ਼ ਹੈ।"[54] ਸਾਡੇ ਵਿੱਚੋਂ ਜ਼ਿਆਦਾਤਰ ਲੋਕ ਮਤਭੇਦਾਂ ਨੂੰ ਨਾਪਸੰਦ ਕਰਦੇ ਹਨ ਅਤੇ ਉਨ੍ਹਾਂ ਨੂੰ ਨਾਕਾਰਤਮਕ ਸਮਝਦੇ ਹਨ। ਜੇਕਰ ਅਸੀਂ ਇਨ੍ਹਾਂ ਨੂੰ "ਮਸੀਹੀ ਪ੍ਰੇਮ ਦਾ ਅਭਿਆਸ ਕਰਨ ਦੇ ਮੌਕਿਆਂ"[55] ਦੇ ਤੌਰ ਤੇ ਵੇਖੀਏ ਤਾਂ ਸ਼ਾਇਦ ਇਨ੍ਹਾਂ ਤੋਂ ਸਾਨੂੰ ਮਦਦ ਮਿਲੇਗੀ।

ਆਇ3 15 ਇਸ ਭੜਕਾਊ ਦੋਸ਼ ਦੇ ਨਾਲ ਖਤਮ ਹੁੰਦੀ ਹੈ: **ਜਿਹ ਦੇ ਲਈ ਮਸੀਹ ਮੋਇਆ ਤੂੰ ਭੋਜਨ ਨਾਲ ਉਹ ਦਾ ਨਾਸ ਨਾ ਕਰ।** (ਵੇਖੋ 1 ਕੁਰਿੰਥੀਆਂ 8:11)। ਇੱਕ ਵਾਰ ਫਿਰ, ਪੌਲੁਸ ਕਠੋਰ ਭਾਸ਼ਾ ਦਾ ਇਸਤੇਮਾਲ ਕਰਦਾ ਹੈ। "ਨਾਸ" ἀπόλλυμι (*ਅਪੋਲੁਮੀ*) ਤੋਂ ਹੈ, ਜਿਸ ਦਾ ਅਰਥ ਹੈ "ਪੂਰੀ ਤਰ੍ਹਾਂ ਤਬਾਹ ਕਰਨ ਦੇ ਲਈ।"[56] ਕੌਣ ਬੁਰੀ ਤਰ੍ਹਾਂ ਨਾਲ ਤਬਾਹ ਹੋਣ ਦੇ ਖਤਰੇ ਵਿੱਚ ਸੀ? "ਉਹ ਜਿਸ ਦੇ ਲਈ ਮਸੀਹ ਮੋਇਆ"—ਪ੍ਰਭੂ ਦੇ ਦੁਆਰਾ ਇੱਕ ਭਾਈ ਦੀ ਕਦਰ ਇੰਨੀ ਹੈ ਕਿ ਉਹ ਉਸ ਦੇ ਲਈ ਸਲੀਬ ਤੇ ਚੜ੍ਹ ਗਿਆ ਸੀ।

ਇਸ ਨੂੰ ਪੌਲੁਸ ਦੇ ਪਾਠਕਾਂ ਦੇ ਨਜ਼ਰੀਏ ਵਿੱਚ ਸਭ ਕੁਝ ਪਾ ਦੇਣਾ ਚਾਹੀਦਾ ਸੀ। ਇੱਕ ਪਾਸੇ ਮਾਸ ਖਾਣਾ ਸਹੀ ਸੀ, ਅਤੇ ਦੂਜੇ ਪਾਸੇ ਉਸ ਵਿਅਕਤੀ ਦੀ ਅਨੰਤ ਕਿਸਮਤ ਜਿਸ ਦੇ ਲਈ ਮਸੀਹ ਮੋਇਆ। ਜੌਨ ਆਰ. ਡਬਲਿਯੂ. ਸਟੌਟ ਨੇ ਪੁੱਛਿਆ, "ਕੀ ਪਰਮੇਸ਼ੁਰ ਨੇ ਉਸ ਨੂੰ ਇੰਨਾ ਪਿਆਰ ਕੀਤਾ ਕਿ ਉਸ ਲਈ ਮਰ ਗਿਆ, ਅਤੇ ਕੀ ਅਸੀਂ ਉਸ ਨੂੰ ਇੰਨਾ ਪਿਆਰ ਵੀ ਨਾ ਕਰੀਏ ਕਿ ਉਸ ਦੇ ਅੰਤਹਕਰਨ ਨੂੰ ਠੇਸ ਪਹੁੰਚਾਉਣ ਤੋਂ ਬਚੀਏ?"[57] ਪੌਲੁਸ ਦੇ ਸ਼ਬਦਾਂ ਨੂੰ ਸਾਡੇ ਦ੍ਰਿਸ਼ਟੀਕੋਣ ਵਿੱਚ ਮਾਮਲਿਆਂ ਨੂੰ ਵੀ ਪਾ ਦੇਣਾ ਚਾਹੀਦਾ ਹੈ। ਅਗਲੀ ਵਾਰ ਜਦੋਂ ਤੁਹਾਡਾ ਦੂਜੇ ਦੇ ਨਾਲ ਗੰਭੀਰ ਝਗੜਾ ਹੁੰਦਾ ਹੈ, ਤਾਂ ਮਤਭੇਦ ਦੇ ਵਿਸ਼ੇ ਦੀ ਤੁਲਨਾ ਸਲੀਬ ਦੇ ਨਾਲ ਕਰੋ। ਕਿਹੜਾ ਜ਼ਿਆਦਾ ਮਹੱਤਵਪੂਰਣ ਹੈ? ਪੌਲੁਸ ਸਾਨੂੰ ਕਰਨ ਦੇ ਲਈ ਕਹਿ ਸਕਦਾ ਹੈ,

"ਆਪਣੇ ਹੀ ਤਰੀਕੇ ਨਾਲ ਚੱਲਣ ਦੀ ਆਪਣੀ ਇੱਛਾ ਦੇ ਨਾਲ ਉਸ ਨੂੰ ਨਾਸ ਨਾ ਕਰੋ ਜਿਸ ਦੇ ਲਈ ਮਸੀਹ ਮਰਿਆ।"

"ਆਪਣਿਆਂ ਅਧਿਕਾਰਾਂ ਤੇ ਜ਼ੋਰ ਦੇ ਕੇ ਉਸ ਨੂੰ ਜਿਸ ਦੇ ਲਈ ਮਸੀਹ ਮੋਇਆ ਨਾਸ ਨਾ ਕਰੋ।"

"ਜਦੋਂ ਤੁਹਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਤਾਂ ਵਾਪਸ ਵਾਰ ਕਰਨ ਦੇ ਦੁਆਰਾ ਉਸ ਨੂੰ ਨਾਸ ਨਾ ਕਰੋ ਜਿਸ ਦੇ ਲਈ ਮਸੀਹ ਮੋਇਆ।"

**ਆਇਤ 16.** ਇੱਕ ਹੋਰ "ਸੋ" ਦੇ ਨਾਲ ਇਹ ਆਇਤ ਸ਼ੁਰੂ ਹੁੰਦੀ ਹੈ। ਪੌਲੁਸ ਹੋਰ ਸਿੱਟੇ ਕੱਢਣ ਦੇ ਲਈ ਤਿਆਰ ਸੀ। ਉਸ ਨੇ ਕਿਹਾ, **ਸੋ ਤੁਹਾਡੀ ਸੁਬਿਹਤੇ ਦੀ ਬਦਨਾਮੀ ਨਾ ਕੀਤੀ ਜਾਵੇ।** "ਤੁਹਾਡੀ ਸੁਬਿਹਤੇ ਦੀ" ਮਾਸ ਖਾਣ ਦਾ ਹਵਾਲਾ ਦਿੰਦਾ ਹੈ। ਕਿਉਂਕਿ ਜੇਕਰ "ਮਜ਼ਬੂਤ" ਭਾਈ ਦੇ ਲਈ ਮਾਸ ਖਾਣਾ "ਸੁਬਿਹਤੇ," ਕੁਝ ਮਜ਼ੇਦਾਰ ਅਤੇ ਪਰਮੇਸ਼ੁਰ ਨੂੰ ਮਨਜ਼ੂਰ ਗੱਲ ਸੀ। ਫਿਰ ਵੀ, ਕੁਝ ਖਾਸ ਸਥਿਤੀਆਂ ਦੇ ਤਹਿਤ, ਇਸ ਦੇ ਅਭਿਆਸ ਅਤੇ ਨਤੀਜਿਆਂ ਨੂੰ "ਬਦਨਾਮੀ" ਕਿਹਾ ਜਾ ਸਕਦਾ ਹੈ। "ਬਦਨਾਮੀ ਨਾ ਕੀਤੀ ਜਾਵੇ" ਯੂਨਾਨੀ ਸ਼ਬਦ βλασφημέω (*ਬਲਾਸਫੇਮੀਓ*) ਤੋਂ ਆਇਆ ਹੈ, ਜਿਸ ਦਾ ਸ਼ਾਬਦਿਕ ਅਰਥ "ਨਿੰਦਾ ਕੀਤੀ ਜਾਵੇ" ਹੈ।

ਕੌਣ ਮਾਸ ਖਾਣ ਦੀ "ਬਦਨਾਮੀ" ਕਰੇਗਾ? ਇਹ ਸੰਭਵ ਹੈ ਕਿ ਪੌਲੁਸ ਦੇ ਮਨ ਵਿੱਚ "ਕਮਜ਼ੋਰ" ਭਾਈ ਹੋਵੇ; ਪਰ ਆਇਤਾਂ 16 ਤੋਂ 18 ਵਿੱਚ, ਰਸੂਲ ਨੇ ਸਧਾਰਣ ਤੌਰ ਤੇ ਮਨੁੱਖ ਜਾਤੀ ਨੂੰ ਸ਼ਾਮਲ ਕਰ ਕੇ ਮੁੱਦੇ ਦਾ ਵਿਸਥਾਰ ਕੀਤਾ। (ਆਇਤ 18 "ਮਨੁੱਖਾਂ" ਦੀ ਗੱਲ ਕਰਦੀ ਹੈ।) ਸਭ ਤੋਂ ਵੱਧ ਕੇ, ਪੌਲੁਸ ਇਸ ਗੱਲ ਦੇ ਲਈ ਚਿੰਤਾ ਕਰਦਾ ਸੀ ਕਿ ਕਿਵੇਂ ਚਰਚ ਵਿਚਲੇ ਝਗੜੇ, ਸਧਾਰਣ ਰੂਪ ਵਿੱਚ ਮਸੀਹ ਦੇ ਕੰਮ ਤੇ ਪ੍ਰਭਾਵ ਪਾਉਂਦੇ ਸਨ। ਸੁਭਾਵਿਕ ਤੌਰ ਮਾਸ ਖਾਣ ਵਿੱਚ ਕੋਈ ਬੁਰਿਆਈ ਨਹੀਂ ਸੀ-ਪਰ ਜੇ ਇਸ ਦੇ ਨਾਲ ਵਿਗਾੜ, ਕਠੋਰ ਭਾਵਨਾਵਾਂ, ਅਤੇ ਸ਼ਾਇਦ ਕਲੀਸਿਆ ਦੇ ਵਿਚਕਾਰ ਫੁੱਟ ਪੈ ਜਾਂਦੀ ਹੈ,ਤਾਂ ਇਹ ਬਹੁਤ ਹੀ ਗਲਤ ਸੀ। ਕੋਈ ਵੀ ਚੀਜ਼ ਮਸੀਹ ਦੇ ਉਦੇਸ਼ ਨੂੰ ਇੰਨਾ ਨੁਕਸਾਨ ਨਹੀਂ ਪਹੁੰਚਾ ਸਕਦਾ ਜਿੰਨਾ ਚਰਚ ਦੇ ਉਹ ਮੈਂਬਰ ਪਹੁੰਚਾ ਸਕਦੇ ਹਨ ਜੋ ਇੱਕ ਦੂਜੇ ਦੇ ਨਾਲ ਨਹੀਂ ਰਹਿ ਸਕਦੇ ਹਨ। ਹਮੇਸ਼ਾ, ਇੱਕ ਕਲੀਸਿਆ ਵਿਚਲੀ ਸਮੱਸਿਆ ਦੀ ਖਬਰ ਇੱਕ ਸਮਾਜ ਵਿੱਚ ਫੈਲਦੀ ਹੈ ਅਤੇ ਚਰਚ ਮਖੌਲ ਉਡਾਉਣ ਦੀ ਇੱਕ ਵਸਤੂ ਬਣ ਜਾਂਦਾ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਅਸਲ ਵਿੱਚ "ਇੱਕ ਚੰਗੀ ਚੀਜ਼" ਦੀ "ਬਦਨਾਮੀ ਕੀਤੀ ਜਾਂਦੀ ਹੈ।"

ਜੋ ਕੁਝ ਵੀ ਅਸੀਂ ਕਰਦੇ ਹਾਂ ਉਸ ਦੇ ਵਿਸ਼ੇ ਵਿੱਚ, ਸਾਨੂੰ ਆਪਣੇ ਆਪ ਨੂੰ ਇਸ ਪ੍ਰਕਾਰ ਪ੍ਰਸ਼ਨ ਪੁੱਛਣ ਦੀ ਲੋੜ ਹੁੰਦੀ ਹੈ "ਇਸ ਦਾ ਮਸੀਹ ਦੇ ਉਦੇਸ਼ ਤੇ ਅਤੇ ਸੁਸਮਾਚਾਰ ਦੇ ਫੈਲਣ ਤੇ ਕੀ ਅਸਰ ਪਵੇਗਾ?"; "ਕੀ ਇਹ ਸ਼ਾਂਤੀ ਨੂੰ ਪੈਦਾ ਕਰੇਗਾ ਜਾਂ ਕਲੇਸ਼?"; "ਕੀ ਇਹ ਚਰਚ ਦੇ ਵਿਕਾਸ ਵਿੱਚ ਮਦਦ ਕਰੇਗਾ ਜਾਂ ਰੁਕਾਵਟ ਬਣੇਗਾ?"

**ਆਇਤ 17.** ਇਹ ਆਇਤ 16 ਵਿੱਚ ਸ਼ੁਰੂ ਹੋਏ ਵਿਚਾਰ ਨੂੰ ਸੰਪੂਰਣ ਕਰਦੀ ਹੈ: "ਸੋ ਤੁਹਾਡੀ ਸੁਬਿਹਤੇ ਦੀ ਬਦਨਾਮੀ ਨਾ ਕੀਤੀ ਜਾਵੇ;" **ਕਿਉਂ ਜੋ ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ [ਭੋਜਨ ਹੋਣਾ[58]] ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ।** ਇੱਥੇ "ਪਰਮੇਸ਼ੁਰ ਦਾ ਰਾਜ" ਕਲੀਸੀਆ ਨੂੰ ਦਰਸਾਉਂਦਾ ਹੈ।[59] ਪੌਲੁਸ ਇੱਕ ਭਾਈ ਦੇ ਵਿਸ਼ੇ ਦੀ ਚਿੰਤਾ ਨੂੰ ਸਧਾਰਣ ਰੂਪ ਵਿੱਚ ਭਾਈਚਾਰੇ ਦੀ ਚਿੰਤਾ ਵੱਲ ਲੈ ਗਿਆ—ਦੂਜੇ ਸ਼ਬਦਾਂ ਵਿੱਚ, ਉਨ੍ਹਾਂ *ਸਭਨਾਂ* ਦੇ ਵਿਸ਼ੇ ਵਿੱਚ ਚਿੰਤਾ

"ਜਿਨ੍ਹਾਂ ਦੇ ਲਈ ਮਸੀਹ ਮੋਇਆ" (ਵੇਖੋ ਅਫ਼ਸੀਆਂ 5:23, 25)। ਉਸ ਸਭ ਦੇ ਬਾਰੇ ਸੋਚੋ ਜੋ ਪਰਮੇਸ਼ੁਰ ਨੇ ਰਾਜ/ਕਲੀਸੀਆ ਨੂੰ ਹੋਂਦ ਵਿੱਚ ਲਿਆਉਣ ਦੇ ਲਈ ਕੀਤਾ ਸੀ। ਕੀ ਉਸ ਨੇ ਇਹ ਇਸ ਲਈ ਕੀਤਾ ਕਿ ਲੋਕ ਆਲੇ-ਦੁਆਲੇ ਬੈਠ ਕੇ ਇਹ ਬਹਿਸ ਕਰਨ ਕਿ ਰਾਤ ਦੇ ਭੋਜਨ ਵਿੱਚ ਕੀ ਪਰੋਸਿਆ ਜਾਵੇ? ਨਹੀਂ। ਪੌਲੁਸ ਨੇ ਕਿਹਾ ਕਿ ਰਾਜ/ਕਲੀਸੀਆ ਦਾ ਵਿਸ਼ਾ ਇਹ ਉਹ ਸਭ ਚੀਜ਼ਾਂ ਨਹੀਂ ਹਨ (ਵੇਖੋ 1 ਕੁਰਿੰਥੀਆਂ 8:8)। ਇਸ ਦੀ ਬਜਾਇ, "ਕਿਉਂ ਜੋ ਪਰਮੇਸ਼ੁਰ ਦਾ ਰਾਜ . . . ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ।"[60]

> "ਸ਼ਾਂਤਾ" (εἰρήνη, *ਈਰੇਨੇ*): ਆਪਣੇ ਭੈਣਾਂ ਅਤੇ ਭਰਾਵਾਂ ਦੇ ਨਾਲ ਸ਼ਾਂਤੀ ਰੱਖਣ ਦੀ ਕੋਸ਼ਿਸ਼।
> "ਅਨੰਦ" (χαρά, *ਚਾਰਾ*): ਦੂਜਿਆਂ ਦੇ ਜੀਵਨਾਂ ਵਿੱਚ ਅਨੰਦ ਲਿਆਉਣ ਦੇ ਲਈ ਕੰਮ ਕਰਨਾ, ਉਹ ਅਨੰਦ ਜੋ ਸਿਰਫ "ਪਵਿੱਤਰ ਆਤਮਾ ਵਿੱਚ" ਪਾਇਆ ਜਾਂਦਾ ਹੈ।

ਫਿਰ, ਪੌਲੁਸ ਨੇ ਮਸੀਹੀਆਂ ਨੂੰ ਸਹੀ ਪ੍ਰਾਥਸਮਿਕਤਾਵਾਂ ਨੂੰ ਵਿਕਸਿਤ ਕਰਨ ਦੀ ਚੁਨੌਤੀ ਦਿੱਤੀ। ਅਗਲੀ ਵਾਰ ਅਸੀਂ ਆਪਣੇ ਗੁੱਸੇ ਨੂੰ ਕੁਝ ਬੇਕਾਰ ਦੇ ਵਿਸ਼ਿਆਂ ਤੇ ਭੜਕਦਾ ਹੋਇਆ ਪਾਉਂਦੇ ਹਾਂ, ਤਾਂ ਸਾਨੂੰ ਰੁੱਕ ਕੇ ਪੁੱਛਣਾ ਚਾਹੀਦਾ ਹੈ, "ਕੀ ਇਹ ਸਚਮੁੱਚ ਰਾਜ ਦੇ ਵਿਸ਼ੇ ਵਿੱਚ ਹੈ? ਕੀ ਇਹ ਸਚਮੁੱਚ ਧਾਰਮਿਕਤਾ, ਸ਼ਾਂਤੀ ਅਤੇ ਅਨੰਦ ਉਤਸ਼ਾਹਿਤ ਕਰਨ ਦੇ ਲਈ ਜ਼ਰੂਰੀ ਹੈ?"

**ਆਇਤ 18.** ਕਲੀਸੀਆ ਵਿੱਚ ਇਸ ਬਿੰਦੂ ਤੇ ਪੌਲੁਸ ਨੇ ਆਪਣੇ ਵਿਚਾਰਾਂ ਦਾ ਸਿੱਟਾ ਕੱਢਿਆ: **ਅਤੇ ਜਿਹੜਾ ਇਸ ਬਿਧ ਨਾਲ ਮਸੀਹ ਦੀ ਸੇਵਾ ਕਰਦਾ ਹੈ ਉਹ ਤਾਂ ਪਰਮੇਸ਼ੁਰ ਨੂੰ ਭਾਉਂਦਾ ਅਤੇ ਮਨੁੱਖਾਂ ਨੂੰ ਪਰਵਾਨ ਹੁੰਦਾ ਹੈ।** "ਇਸ ਤਰੀਕੇ ਦੇ ਨਾਲ" ਰਸੂਲ ਨੇ ਜੋ ਕੁਝ ਵੀ ਕਿਹਾ ਸੀ ਉਸ ਨੂੰ ਆਇਤ 1 ਤੋਂ ਸ਼ੁਰੂ ਕਰਕੇ ਲੈਂਦਾ ਹੈ। ਇਸ ਵਿੱਚ ਇੱਕ ਭਾਈ ਨੂੰ ਸਵੀਕਾਰ ਕਰਨਾ ਅਤੇ ਉਸ ਤੇ ਦੋਸ਼ ਨਾ ਲਾਉਣਾ ਸ਼ਾਮਲ ਹੈ। ਇਸ ਵਿੱਚ ਇੱਕ ਭਾਈ ਦੇ ਰਾਹ ਵਿੱਚ ਠੋਕਰ ਨਾ ਰੱਖ ਕੇ ਉਸ ਨੂੰ ਉਸ ਦੇ ਹੱਕ ਦੇਣਾ ਸ਼ਾਮਲ ਹੈ। ਇਸ ਵਿੱਚ ਉਸ ਭਾਈ ਲਈ ਪਿਆਰ ਵਿਖਾਉਣਾ ਸ਼ਾਮਲ ਹੈ "ਜਿਹ ਦੇ ਲਈ ਮਸੀਹ ਮੋਇਆ।" ਅਸੀਂ ਇਸ ਸਭ ਨੂੰ ਆਪਣੇ *ਭਾਈ* ਦੀ ਸੇਵਾ ਦੇ ਰੂਪ ਵਿੱਚ ਵੇਖਦੇ ਹਾਂ, ਪਰ ਪੌਲੁਸ ਇਸ ਨੂੰ *ਮਸੀਹ* ਦੀ ਸੇਵਾ ਦੇ ਰੂਪ ਵੇਖਦਾ ਹੈ। ਪੌਲੁਸ ਹਰ ਇੱਕ ਚੀਜ਼ ਨੂੰ ਮਸੀਹ ਦੇ ਨਾਲ ਜੋੜਦਾ ਹੈ (ਵੇਖੋ 1 ਕੁਰਿੰਥੀਆਂ 2:2)। ਫਿਰ, ਉਸ ਨੇ ਇਸ ਮੁੱਦੇ ਨੂੰ ਉਠਾਇਆ ਕਿ ਕੌਣ ਸਹੀ ਅਤੇ ਕੌਣ ਗਲਤ ਹੈ। ਉਸ ਨੇ ਇਸ ਨੂੰ ਇੱਕ ਵਿਸ਼ਾ ਬਣਾਇਆ ਕਿ ਅਸੀਂ ਪ੍ਰਭੂ ਦੀ ਸੇਵਾ ਕਰ ਰਹੇ ਹਾਂ ਕਿ ਨਹੀਂ।

ਜੇਕਰ ਅਸੀਂ ਮਸੀਹ ਦੇ ਨਿਰਦੇਸ਼ ਦੇ ਅਨੁਸਾਰ ਵਿਹਾਰ ਕਰਾਂਗੇ, ਤਾਂ ਅਸੀਂ ਪਹਿਲਾਂ "ਪਰਮੇਸ਼ੁਰ ਨੂੰ ਭਾਵਾਂਗੇ।" ਪਰਮੇਸ਼ੁਰ ਨੂੰ ਭਾਉਣ ਦਾ ਮੁੱਖ ਮਹੱਤਵ ਹੈ। ਪਰ, ਇੱਕ ਹੋਰ ਮਨਭਾਉਂਦਾ ਸਿੱਟਾ ਨਿਕਲ ਸਕਦਾ ਹੈ: ਅਸੀਂ "ਮਨੁੱਖਾਂ ਨੂੰ ਪਰਵਾਨ"[61] ਹੋਵਾਂਗੇ। ਜਦੋਂ ਇੱਕ ਕਲੀਸਿਆ ਦੇ ਵਿੱਚ ਪ੍ਰੇਮ ਅਤੇ ਸਦਭਾਵਨਾ ਵਧੇਗੀ, ਤਾਂ ਬਾਹਰੀ ਸੰਸਾਰ ਵੀ ਪ੍ਰਭਾਵਿਤ ਹੋਵੇਗਾ। ਮੈਕਕੋਰਡ ਦੇ ਅਨੁਵਾਦ ਹੈ "ਉਹ ਜੋ ਮਸੀਹ ਦੀ ਇਸ ਪ੍ਰਕਾਰ ਦੇ ਨਾਲ ਸੇਵਾ ਕਰਦਾ ਹੈ . . . ਲੋਕਾਂ ਦੇ ਵਿਚਕਾਰ ਸਨਮਾਨ ਯੋਗ ਹੈ।"

# ਇੱਕ ਦੂਜੇ ਨੂੰ ਸ਼ਾਂਤੀ ਵਿੱਚ ਸਵੀਕਾਰ ਕਰਨਾ (14:19-23)

**[19]ਸੋ ਚੱਲੋ ਅਸੀਂ ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ ਤਰੱਕੀ
ਹੋਵੇ। [20]ਭੋਜਨ ਦੇ ਕਾਰਨ ਪਰਮੇਸ਼ੁਰ ਦਾ ਕੰਮ ਨਾ ਵਿਗਾੜ। ਸੱਭੋ ਕੁਝ ਸ਼ੁੱਧ ਤਾਂ ਹੈ ਪਰ ਓਸ
ਮਨੁੱਖ ਦੇ ਲਈ ਬੁਰਾ ਹੈ ਜਿਹ ਦੇ ਖਾਣਾ ਤੋਂ ਠੋਕਰ ਲੱਗਦੀ ਹੈ। [21]ਭਲੀ ਗੱਲ ਇਹ ਹੈ ਜੋ ਨਾ ਤੂੰ
ਮਾਸ ਖਾਵੇਂ ਨਾ ਮੈ ਪੀਵੇਂ ਨਾ ਕੋਈ ਇਹੋ ਜਿਹਾ ਕੰਮ ਕਰੇਂ ਜਿਸ ਤੋਂ ਤੇਰੀ ਭਰਾ ਠੇਡਾ ਖਾਵੇ। [22]ਤੈਨੂੰ
ਜਿਹੜੀ ਨਿਹਚਾ ਹੈ ਸੋ ਆਪਣੇ ਲਈ ਪਰਮੇਸ਼ੁਰ ਦੇ ਅੱਗੇ ਰੱਖ। ਧੰਨ ਉਹ ਜਿਹੜਾ ਉਸ ਕੰਮ
ਦੇ ਕਾਰਨ ਜਿਹ ਨੂੰ ਉਹ ਜੋਗ ਸਮਝਦਾ ਹੈ ਆਪਣੇ ਆਪ ਨੂੰ ਦੋਸ਼ੀ ਨਹੀਂ ਠਹਿਰਾਉਂਦਾ। [23]ਪਰ
ਜਿਹੜਾ ਭਰਮ ਕਰਦਾ ਹੈ ਜੇ ਉਹ ਖਾਵੇ ਤਾਂ ਦੋਸ਼ੀ ਹੋਇਆ ਇਸ ਲਈ ਜੋ ਨਿਹਚਾ ਕਰਕੇ ਨਹੀਂ
ਖਾਂਦਾ ਹੈ ਅਤੇ ਜੋ ਕੁਝ ਨਿਹਚਾ ਥੀਂ ਨਹੀਂ ਹੁੰਦਾ ਹੈ ਸੋ ਪਾਪ ਹੈ।**

**ਆਇਤ 19.** ਇਹ ਭਾਗ ਇਸ ਸ਼ਬਦ ਦੇ ਨਾਲ ਖੁੱਲ੍ਹਦਾ ਹੈ **ਸੋ ਚੱਲੋ**। "ਚੱਲੋ" οὖν (*ਓਨ*) ਤੋਂ ਹੈ, ਉਹ ਸ਼ਬਦ ਜਿਸ ਦਾ ਅਨੁਵਾਦ ਆਇਤ 13 ਅਤੇ 16 ਵਿੱਚ "ਇਸ ਲਈ" ਕੀਤਾ ਗਿਆ ਹੈ। ਜਿਵੇਂ ਪੌਲੁਸ ਨੇ ਆਪਣੇ ਵਿਚਾਰ ਨੂੰ ਵਿਕਸਿਤ ਕੀਤਾ, ਉਸ ਨੇ ਇਹ ਦਾਅਵਾ ਕੀਤਾ ਕਿ ਸਾਡੇ ਕੋਲ ਇਹ ਉਦੇਸ਼ ਹੈ: **ਅਸੀਂ ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ ਤਰੱਕੀ ਹੋਵੇ**। "ਪਿੱਛਾ ਕਰੀਏ" (διώκω, *ਦੀਓਕੋ*, ਤੋਂ ਹੈ) ਇੱਕ ਕਿਰਿਆਸ਼ੀਲ ਸ਼ਬਦ ਹੈ। AB ਹੈ "ਇਸ ਲਈ ਆਓ ਪੱਕਾ ਉਦੇਸ਼ ਰੱਖੀਏ ਅਤੇ ਉਤਸੁਕਤਾ ਨਾਲ ਉਸ ਦਾ ਪਿੱਛਾ ਕਰੀਏ।"

ਸਾਨੂੰ ਉਤਸੁਕਤਾ ਦੇ ਨਾਲ ਕਿਸ ਦਾ ਪਿੱਛਾ ਕਰਨਾ ਚਾਹੀਦਾ ਹੈ? ਪਹਿਲਾ, "ਉਨ੍ਹਾਂ ਚੀਜ਼ਾਂ ਦਾ ਜੋ ਸ਼ਾਂਤੀ ਨੂੰ ਪੈਦਾ ਕਰਦੀਆਂ ਹਨ।" ਕੁਝ ਚੀਜ਼ਾਂ ਸ਼ਾਂਤੀ ਦੇ ਲਈ ਬਣੀਆਂ ਹਨਅਤੇ ਕੁਝ ਚੀਜ਼ਾਂ ਵੈਰ ਦੇ ਲਈ ਬਣੀਆਂ ਹਨ। ਇੱਕੋ ਹੀ ਰਾਹ ਤੇ ਅੜੇ ਰਹਿਣਾ ਝਗੜੇ ਨੂੰ ਪੈਦਾ ਕਰਦਾ ਹੈ, ਜਦਕਿ ਇੱਕ ਮੰਨ ਲੈਣ ਵਾਲਾ ਮਨ ਸ਼ਾਂਤੀ ਨੂੰ ਵਧਾਉਂਦਾ ਹੈ (ਵੇਖੋ ਯਾਕੂਬ 3:17)। ਆਪਣੇ ਆਪ ਦੇ ਬਾਰੇ ਜ਼ਿਆਦਾ ਚਿੰਤਾ ਕਰਨਾ ਸੰਘਰਸ਼ ਦਾ ਕਾਰਣ ਬਣਦਾ ਹੈ, ਜਦਕਿ ਦੂਜਿਆਂ ਦੇ ਵਿਸ਼ੇ ਵਿੱਚ ਜ਼ਿਆਦਾ ਚਿੰਤਾ ਕਰਨਾ ਸ਼ਾਂਤੀ ਨੂੰ ਲਿਆਉਂਦਾ ਹੈ (ਵੇਖੋ ਫਿਲਿੱਪੀਆਂ 2:4)। ਇੱਕ ਤਰਕ ਨੂੰ ਜਿੱਤਣ ਦੀ ਕੋਸ਼ਿਸ਼ ਦੁਸ਼ਮਣੀ ਵੱਲ ਲੈ ਜਾਂਦੀ ਹੈ, ਜਦਕਿ ਦੂਜੇ ਵਿਅਕਤੀ ਨੂੰ ਸਮਝਣ ਦੀ ਕੋਸ਼ਿਸ਼ ਸ਼ਾਂਤੀ ਨੂੰ ਕਾਇਮ ਰੱਖਦੀ ਹੈ (ਵੇਖੋ ਕਹਾਉਤਾਂ 15:1)।

ਦੂਜਾ, ਸਾਨੂੰ ਉਸ ਦਾ ਪਿੱਛਾ ਕਰਨਾ ਚਾਹੀਦਾ ਹੈ ਜਿਸ ਨਾਲ "ਇੱਕ ਦੂਏ ਦੀ ਤਰੱਕੀ ਹੋਵੇ।" "ਤਰੱਕੀ ਹੋਵੇ" ਉਸ ਸ਼ਬਦ ਤੋਂ ਹੈ ਜਿਸ ਦਾ ਅਨੁਵਾਦ ਅਕਸਰ "ਆਤਮਿਕ ਉੱਨਤੀ" ਕੀਤਾ ਜਾਂਦਾ ਹੈ: οἰκοδομη (*ਓਈਕੋਡੋਮ*)।[62] ਇਹ ਸ਼ਬਦ οἶκος (*ਓਈਕੋਸ*, "ਘਰ") ਅਤੇ δέμω (*ਡੇਮੋ*, "ਨਿਰਮਾਣ ਕਰਨਾ") ਤੋਂ ਬਣਿਆ ਹੈ; ਇਸ ਦਾ ਸ਼ਾਬਦਿਕ ਅਰਥ "ਇੱਕ ਘਰ ਬਣਾਉਣਾ ਹੈ" ਜਾਂ ਦੂਸਰਾ ਅਰਥ ਇਮਾਰਤ ਹੈ।[63] ਨਵੇਂ ਨੇਮ ਵਿੱਚ, ਇਹ ਸ਼ਬਦ ਆਦਰਸ਼ ਰੂਪ ਵਿੱਚ ਦੂਜਿਆਂ ਨੂੰ ਆਤਮਿਕ ਤੌਰ ਤੇ ਮਜ਼ਬੂਤ ਬਣਾਉਣ ਅਤੇ ਉਸਾਰਣ ਦੇ ਲਈ ਵਰਤਿਆ ਗਿਆ ਹੈ। ਚਰਚ ਨੂੰ ਕਿਵੇਂ ਇਸ ਦੀ ਲੋੜ ਹੈ! ਕਿਸੇ ਦੂਸਰੇ ਸਥਾਨ ਤੇ, ਪੌਲੁਸ ਨੇ ਕਿਹਾ ਹੈ, "ਸੱਭੋ ਕੁਝ ਲਾਭ ਦੇ ਲਈ ਹੋਣਾ ਚਾਹੀਦਾ ਹੈ" (1 ਕੁਰਿੰਥੀਆਂ 14:26; ਵੇਖੋ 8:1)।

ਆਓ ਅਸੀਂ ਵਾਕ "ਇੱਕ ਦੂਏ ਦੀ ਤਰੱਕੀ ਹੋਵੇ" ਵਿੱਚੋਂ ਸ਼ਬਦ "ਇੱਕ ਦੂਜੇ" ਨੂੰ ਨਜ਼ਰਅੰਦਾਜ਼

ਨਾ ਕਰੀਏ। ਜੋ ਵਿਚਾਰ ਪੌਲੁਸ ਦੇ ਰਿਹਾ ਸੀ ਉਹ “ਕਮਜ਼ੋਰ” ਅਤੇ “ਮਜ਼ਬੂਤ” ਦੋਵਾਂ ਭਰਾਵਾਂ ਦੀ ਮਦਦ ਕਰੇਗਾ। “ਕਮਜ਼ੋਰ” ਭਾਈ ਨੂੰ ਜਦੋਂ ਉਹ ਗਿਆਨ ਵਿੱਚ ਵੱਧਦਾ ਹੈ ਤਾਂ ਪੋਸ਼ਣ ਅਤੇ ਸੁਰੱਖਿਅਤ ਰੱਖੇ ਜਾਣ ਦੀ ਲੋੜ ਹੁੰਦੀ ਹੈ। ਪਰ, “ਮਜ਼ਬੂਤ” ਭਾਈ ਨੂੰ ਵੀ ਵਧਣ ਦੀ ਲੋੜ ਹੁੰਦੀ ਹੈ; ਉਸ ਨੂੰ ਪ੍ਰੇਮ ਵਿੱਚ ਵਧਣ ਦੀ ਲੋੜ ਹੁੰਦੀ ਹੈ।

ਐਲਨ ਨੇ ਰੋਮੀਆਂ 14:19 ਨੂੰ “ਸਾਰੇ ਭਾਗ ਦੀ **ਮੁੱਖ** ਆਇਤ”[64] ਮੰਨਿਆ। ਇਹ ਆਇਤ ਸਾਨੂੰ ਚੁਨੌਤੀ ਦਿੰਦੀ ਹੈ ਅਸੀਂ ਦੂਜੇ ਮਸੀਹੀਆਂ ਦੇ ਨਾਲ ਆਪਣੇ ਸੰਬੰਧਾਂ ਤੇ ਵਿਚਾਰ ਕਰੀਏ। ਸਾਨੂੰ ਜ਼ਰੂਰ ਆਪਣੇ ਆਪ ਨੂੰ ਇਹ ਦੋ ਪ੍ਰਸ਼ਨ ਪੁੱਛਣੇ ਚਾਹੀਦੇ ਹਨ: “ਕੀ ਮੇਰੇ ਕੰਮ ਮੇਰੇ ਭਾਈ ਦੀ *ਤਰੱਕੀ* ਕਰਨਗੇ?” ਅਤੇ “ਕੀ ਉਹ ਚਰਚ ਦੀ *ਤਰੱਕੀ* ਕਰਨਗੇ?” (ਵੇਖੋ ਅਫ਼ਸੀਆਂ 4:12)।

**ਆਇਤ 20.** ਉਸਾਰਣ ਦਾ ਉਲਟ ਵਿਗਾੜਣਾ ਹੈ। ਇਸ ਆਇਤ ਵਿੱਚ, ਪੌਲੁਸ ਨੇ ਆਪਣੀ ਉਸਾਰਣ ਦੀ ਕਲਪਨਾ ਨੂੰ ਜਾਰੀ ਰੱਖਿਆ: **ਭੋਜਨ ਦੇ ਕਾਰਨ ਪਰਮੇਸ਼ੁਰ ਦਾ ਕੰਮ ਨਾ ਵਿਗਾੜ।**[65] “ਵਿਗਾੜ” καταλύω (*ਕਾਤਾਲੂਓ*) ਤੋਂ ਹੈ, ਜੋ λύω (*ਲੂਓ,* “ਵੱਖਰਾ-ਵੱਖਰਾ ਕਰਨਾ, ਖ਼ਤਮ ਕਰਨਾ, ਕੱਟ ਕੇ ਵੱਖਰਾ ਕਰਨਾ, ਤੋੜਣਾ, ਢਾਉਣਾ”) κατά (*ਕਾਤਾ*) ਤੋਂ ਤੇਜ਼ ਕਰਨਾ। *ਕਾਤਾਲੂਓ* ਦਾ ਅਰਥ ਹੈ “ਪੂਰੀ ਤਰ੍ਹਾਂ ਨਾਸ ਕਰਨਾ, ਪੂਰੀ ਤਰ੍ਹਾਂ ਉਖਾੜ ਸੁੱਟਣਾ।”[66]

ਸਾਨੂੰ ਕੀ ਨਹੀਂ ਵਿਗਾੜਣਾ ਚਾਹੀਦਾ ਹੈ? “ਪਰਮੇਸ਼ੁਰ ਦਾ ਕੰਮ।” ਇਸ ਵਾਕ ਵਿੱਚ ਉਹ ਸਭ ਕੁਝ ਜੋ ਪਰਮੇਸ਼ੁਰ ਨੇ ਮਨੁੱਖ ਜਾਤੀ ਦੀ ਮੁਕਤੀ ਦੇ ਲਈ ਕੀਤਾ ਸ਼ਾਮਲ ਹੋ ਸਕਦਾ ਹੈ। ਪ੍ਰਸੰਗ ਦੇ ਵਿੱਚ, ਇਹ ਕੰਮ ਦੇ ਅੰਤਿਮ ਸਿੱਟੇ ਦਾ ਹਵਾਲਾ ਹੈ:[67] ਮਸੀਹ ਵਿੱਚ ਭੈਣਾਂ ਤੇ ਭਰਾ।ਪੌਲੁਸ ਦੇ ਸ਼ਬਦਾਂ ਨੂੰ ਇਹ ਦਿਖਾਉਣ ਦੇ ਲਈ ਤਿਆਰ ਕੀਤਾ ਗਿਆ ਹੈ ਕਿ ਕਿਵੇਂ ਵਿਚਾਰਾਂ ਦੇ ਮਾਮਲਿਆਂ ਤੋਂ ਬੇਹੂਦਾ ਅਤੇ ਦੁਖਦਾਈ ਝਗੜੇ ਹੁੰਦੇ ਹਨ। Phillips ਆਇਤ 20 ਦੇ ਪਹਿਲੇ ਭਾਗ ਦੀ ਸੰਖੇਪ ਵਿਆਖਿਆ ਇਸ ਪ੍ਰਕਾਰ ਕਰਦਾ ਹੈ: “ਯਕੀਨੀ ਤੌਰ ਤੇ ਸਾਨੂੰ ਇਹ ਇੱਛਾ ਨਹੀਂ ਕਰਨੀ ਚਾਹੀਦੀ ਕਿ ਅਸੀਂ ਮਾਸ ਦੀ ਇੱਕ ਪਲੇਟ ਦੇ ਲਈ ਪਰਮੇਸ਼ੁਰ ਦੇ ਕੰਮ ਨੂੰ ਨਾਸ ਕਰ ਦੇਈਏ!”

14:14 ਵਿੱਚ, ਪੌਲੁਸ ਨੇ ਕਿਹਾ ਕਿ “ਕੋਈ ਵਸਤ ਆਪ ਤੋਂ ਆਪ ਅਸ਼ੁੱਧ ਨਹੀਂ।” ਇੱਥੇ, 14:20 ਵਿੱਚ, ਉਸ ਨੇ ਅਜਿਹਾ ਹੀ ਇੱਕ ਦਾਅਵਾ ਕੀਤਾ ਹੈ: **ਸੱਭੋ ਕੁਝ ਸ਼ੁੱਧ ਤਾਂ ਹੈ** (καθαρός, *ਕੈਥਾਰੋਸ*)। ਪੁਰਾਣੇ ਕਥਨ ਦੇ ਵਾਂਗ (ਵੇਖੋ 14:14 ਤੇ ਟਿੱਪਣੀਆਂ), ਇਸ ਨੂੰ ਕੁਝ ਯੋਗਤਾ ਦੀ ਲੋੜ ਹੈ। ਇਸ ਤੋਂ ਪਹਿਲੇ, ਪੌਲੁਸ ਨੇ “ਅਸ਼ੁੱਧਤਾ” ਦੀ ਗੱਲ ਕਹੀ ਸੀ (ἀκαθαρσία, *ਆਕਾਥਾਰਸਿਆ,* “ਅਸ਼ੁੱਧਤਾ”) (1:24; 6:19), ਇਸ ਲਈ ਉਹ ਵਿਸ਼ਵਾਸ ਨਹੀਂ ਕਰਦਾ ਕਿ ਕੋਈ ਵੀ ਚੀਜ਼ ਜਾਂ ਹਰ ਚੀਜ਼ “ਸ਼ੁੱਧ” ਹੈ। ਇਸ ਚਰਚਾ ਵਿੱਚ, ਉਸ ਦੇ ਮਨ ਵਿੱਚ ਖਾਸ ਤੌਰ ਤੇ ਮਾਸ ਸੀ: ਆਪਣੇ ਆਪ ਵਿੱਚ, ਸਾਰੇ ਕਿਸਮ ਦੇ ਮਾਸ “ਸਚਮੁੱਚ ਸ਼ੁੱਧ ਹਨ।” (NIV ਵਿੱਚ ਹੈ “ਸਾਰੀਆਂ ਭੋਜਨ ਵਸਤੂਆਂ ਸ਼ੁੱਧ ਹਨ”।)

**ਪਰ** ਪੌਲੁਸ ਨੇ ਜੋੜਿਆ, **ਉਸ** [ਅਨੇਕਾਂ ਕਿਸਮਾਂ ਦਾ ਮਾਸ] **ਮਨੁੱਖ ਦੇ ਲਈ ਬੁਰਾ ਹੈ** [κακός, *ਕਾਕੋਸ*] **ਜਿਹ ਦੇ ਖਾਣਾ ਤੋਂ ਠੋਕਰ ਲੱਗਦੀ ਹੈ।**[68] ਲਿਖਤ ਇਸ “ਆਦਮੀ” ਦੀ ਪਹਿਚਾਣ ਦੇ ਲਈ ਅਸਪੱਸ਼ਟ ਹੈ। ਯੂਨਾਨੀ ਦਾ ਸ਼ਾਬਦਿਕ ਅਰਥ ਹੈ “ਮਨੁੱਖ ਅਪਰਾਧ ਦੇ ਦੁਆਰਾ ਖਾਂਦਾ ਹੈ।” ਸ਼ਬਦਾਵਲੀ ਇੱਕ “ਕਮਜ਼ੋਰ” ਭਾਈ ਦਾ ਹਵਾਲਾ ਦਿੰਦੀ ਹੈ ਜੋ ਮਾਸ ਖਾਣ ਦੇ ਦੁਆਰਾ ਆਪਣੇ ਅੰਤਹਕਰਨ ਨੂੰ ਨੁਕਸਾਨ ਪਹੁੰਚਾਉਂਦਾ ਸੀ (ਵੇਖੋ 14:23)। ਪਰ, ਅਗਲੀ ਆਇਤ ਦੀ

ਰੋਸ਼ਨੀ ਵਿੱਚ, ਸ਼ਬਦ ਸ਼ਾਇਦ ਇੱਕ "ਮਜ਼ਬੂਤ" ਭਾਈ ਦਾ ਹਵਾਲਾ ਦਿੰਦੇ ਹਨ ਜੋ ਇੱਕ "ਕਮਜ਼ੋਰ" ਭਾਈ ਦੀ ਮੌਜੂਦਗੀ ਵਿੱਚ ਮਾਸ ਖਾਂਦਾ ਹੈ, ਇਸ ਪ੍ਰਕਾਰ ਉਸ ਨੂੰ ਉਤਸਾਹਿਤ ਕਰਦਾ ਹੈ ਕਿ ਉਹ ਆਪਣੇ ਅੰਤਹਕਰਨ ਨੂੰ ਭ੍ਰਿਸ਼ਟ ਕਰੇ। ਮੈਕਕੋਰਡ ਅਨੁਵਾਦ ਹੈ "ਜੋ ਵਿਅਕਤੀ ਉਹ ਖਾਂਦਾ ਹੈ ਜੋ ਕਿਸੇ ਦੀ ਠੋਕਰ ਦਾ ਕਾਰਣ ਬਣਦਾ ਹੈ।"

**ਆਇਤ 21.** ਜੇਕਰ ਉਹ "ਬੁਰਾ" ਹੈ, ਤਾਂ "ਭਲਾ" ਕੀ ਹੈ? ਪੌਲੁਸ ਨੇ ਇਸ ਸਵਾਲ ਦਾ ਜਵਾਬ ਦਿੱਤਾ: **ਭਲੀ ਗੱਲ ਇਹ ਹੈ ਜੋ ਨਾ ਤੂੰ ਮਾਸ ਖਾਵੇਂ ਨਾ ਮੈ ਪੀਵੇਂ ਨਾ ਕੋਈ ਇਹੋ ਜਿਹਾ ਕੰਮ ਕਰੇਂ ਜਿਸ ਤੋਂ ਤੇਰੀ ਭਰਾ ਠੇਡਾ ਖਾਵੇ।** ਆਇਤ 17 ਵਿੱਚ, ਪੌਲੁਸ ਨੇ ਕਿਹਾ ਕਿ "ਕਿਉਂ ਜੋ ਪਰਮੇਸ਼ੁਰ ਦਾ ਰਾਜ *ਖਾਣਾ ਪੀਣਾ* ਨਹੀਂ" (ਜ਼ੋਰ ਦਿੱਤਾ ਗਿਆ ਹੈ), ਚਰਚਾ ਕਰਨ ਦੇ ਲਈ "ਸ਼ਰਾਬ" ਪੀਣ ਨੂੰ ਜੋੜ ਲਿਆ।[69] ਕਿਉਂਕਿ ਇਸ ਤੋਂ ਇਲਾਵਾ ਪੌਲੁਸ ਨੇ ਕੋਈ ਸਪਸ਼ਟੀਕਰਣ ਨਹੀਂ ਦਿੱਤਾ, ਇਸ ਲਈ ਅਸੀਂ ਇਸ ਗੱਲ ਦੇ ਬਾਰੇ ਪੱਕਾ ਨਹੀਂ ਜਾਣ ਸਕਦੇ ਕਿ ਉਸ ਦੇ ਮਨ ਵਿੱਚ ਕੀ ਹੋ ਸਕਦਾ ਹੈ। ਸ਼ਾਇਦ ਇਸ ਦਾ ਸਧਾਰਣ ਅਰਥ ਇਹ ਸੀ ਕਿ ਖਾਣਾ ਅਤੇ ਪੀਣਾ ਭੋਜਨ ਦੇ ਹਿੱਸੇ ਸਨ। ਸ਼ਾਇਦ ਪੌਲੁਸ ਕਹਿ ਰਿਹਾ ਸੀ, "ਆਪਣੇ ਭਾਈ ਨੂੰ ਦੁਖ ਦੇਣ ਦੀ ਬਜਾਇ, ਮੈਂ ਵਰਤ ਰੱਖਣਾ ਚਾਹਾਂਗਾ!" ਜੇਕਰ ਰਸੂਲ ਦਾ ਇਰਾਦਾ ਸੀ ਕਿ ਸ਼ਬਦ "ਸ਼ਰਾਬ" ਨੂੰ ਅਹਿਮੀਅਤ ਦਿੱਤੀ ਜਾਵੇ, ਤਾਂ ਹੋ ਸਕਦਾ ਹੈ ਕਿ ਇਹ ਇਸ ਲਈ ਸੀ ਕਿ ਸ਼ਰਾਬ ਕਿਸੇ ਤਰੀਕੇ ਦੇ ਨਾਲ ਮੂਰਤੀਪੂਜਾ ਦੇ ਨਾਲ ਜੁੜੀ ਹੋਈ ਸੀ।[70] ਪੁਰਾਣੇ ਨੇਮ ਵਿੱਚ, ਦਾਨੀਏਲ ਨੇ ਰਾਜੇ ਦੀ ਮੇਜ਼ ਤੋਂ ਭੋਜਨ ਖਾਣ ਅਤੇ ਸ਼ਰਾਬ ਪੀਣ ਦੋਹਾਂ ਤੋਂ ਹੀ ਇਨਕਾਰ ਕਰ ਦਿੱਤਾ (ਦਾਨੀਏਲ 1:8)। ਸ਼ਾਇਦ ਉਸ ਨੇ ਅਜਿਹਾ ਇਸ ਲਈ ਕੀਤਾ ਸੀ ਕਿਉਂਕਿ, ਭੋਜਨ ਕਰਨ ਤੋਂ ਪਹਿਲਾਂ ਖਾਣਾ-ਪੀਣਾ ਬਾਬਲ ਦੇ ਦੇਵਤਿਆਂ ਨੂੰ ਸਮਰਪਿਤ ਕੀਤਾ ਜਾਂਦਾ ਸੀ; ਭੋਜਨ ਅਤੇ ਸ਼ਰਾਬ ਦਾ ਇੱਕ ਹਿੱਸਾ ਮੂਰਤੀਆਂ ਨੂੰ ਭੇਟ ਕਰ ਦਿੱਤਾ ਜਾਂਦਾ ਸੀ।[71]

ਪਰ, ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਇੱਧਰ ਉੱਧਰ ਦੇ ਬਿੰਦੂਆਂ ਵਿੱਚ ਫਸ ਕੇ ਪੌਲੁਸ ਦੇ ਮੁੱਖ ਬਿੰਦੂ ਤੋਂ ਆਪਣਾ ਧਿਆਨ ਨਾ ਹਟਾ ਲਈਏ। ਉਸ ਨੇ ਕਿਹਾ, "ਭਲੀ ਗੱਲ ਇਹ ਹੈ ਜੋ ਨਾ . . . ਨਾ *ਕੋਈ ਇਹੋ ਜਿਹਾ* ਕੰਮ ਕਰੇਂ ਜਿਸ ਤੋਂ ਤੇਰੀ ਭਰਾ ਠੇਡਾ ਖਾਵੇ।" 1 ਕੁਰਿੰਥੀਆਂ 8:13 ਵਿੱਚ, ਪੌਲੁਸ ਨੇ ਕਿਹਾ, "ਇਸੇ ਕਰਕੇ ਜੇ ਭੋਜਨ ਮੇਰੇ ਭਾਈ ਨੂੰ ਠੋਕਰ ਖੁਆਵੇ ਤਾਂ *ਮੈਂ ਅੰਤ ਸਮੇਂ ਤੀਕ ਕਦੇ ਵੀ ਬਲੀ ਨਹੀਂ ਖਾਵਾਂਗਾ* ਤਾਂ ਐਉਂ ਨਾ ਹੋਵੇ ਜੋ ਮੈਂ ਆਪਣੇ ਭਾਈ ਨੂੰ ਠੋਕਰ ਖੁਆਵਾਂ" (ਜ਼ੋਰ ਦਿੱਤਾ ਗਿਆ ਹੈ)। ਕੁਝ ਲੋਕ ਇਸ ਬਿਆਨ ਨੂੰ ਚਰਮ ਬਿਆਨ ਮੰਨਦੇ ਹਨ। ਉਹ ਇਤਰਾਜ਼ ਕਰਦੇ ਹਨ ਕਿ ਇਹ ਜਾਂ ਉਹ ਕਰਨ ਦਾ "ਇੱਕ ਅਧਿਕਾਰ ਉਨ੍ਹਾਂ ਦੇ ਕੋਲ ਹੈ। ਅਸਲ ਵਿੱਚ, ਪੌਲੁਸ ਨੇ, ਸਿਖਾਇਆ, "ਇਹ ਤੁਹਾਡਾ ਅਧਿਕਾਰ ਹੈ ਕਿ ਤੁਸੀਂ ਆਪਣੇ ਭਾਈ ਦੀ ਮਦਦ ਕਰਨ ਦੇ ਲਈ ਆਪਣੇ ਅਧਿਕਾਰ ਨੂੰ ਛੱਡ ਸਕਦੇ ਹੋ।"[72]

**ਆਇਤ 22.** ਪੌਲੁਸ ਨੇ, "ਮਜ਼ਬੂਤ" ਭਾਈ ਨੂੰ ਸਾਵਧਾਨ ਕਰਨਾ ਜਾਰੀ ਰੱਖਿਆ। ਉਸ ਨੇ ਕਿਹਾ ਕਿ ਭਾਈ ਇਸ ਤੱਥ ਦਾ ਪ੍ਰਚਾਰ ਨਾ ਕਰਨ ਕਿ ਉਹ ਇਹ ਵਿਸ਼ਵਾਸ ਕਰਦਾ ਸੀ ਕਿ ਮਾਸ ਖਾਣਾ ਗ੍ਰਹਿਣਯੋਗ ਹੈ: **ਤੈਨੂੰ ਜਿਹੜੀ ਨਿਹਚਾ**[73] **ਹੈ ਸੋ ਆਪਣੇ ਲਈ ਪਰਮੇਸ਼ੁਰ ਦੇ ਅੱਗੇ ਰੱਖ।** ਇੱਥੇ "ਵਿਸ਼ਵਾਸ" "ਮਜ਼ਬੂਤ" ਭਾਈ ਦੇ ਵਿਅਕਤੀਗਤ ਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਮਾਸ ਖਾਣ ਵਿੱਚ ਕੋਈ ਗਲਤ ਗੱਲ ਨਹੀਂ ਸੀ। CEV ਆਇਤ 22 ਦੇ ਪਹਿਲੇ ਹਿੱਸੇ ਨੂੰ ਇਸ ਪ੍ਰਕਾਰ ਵਿਅਕਤ ਕਰਦਾ ਹੈ: "ਇਨ੍ਹਾਂ ਚੀਜ਼ਾਂ ਦੇ ਬਾਰੇ ਤੁਸੀਂ ਜੋ ਵੀ ਵਿਸ਼ਵਾਸ ਕਰਦੇ ਹੋ ਉਸ ਨੂੰ ਆਪਣੇ ਅਤੇ ਪਰਮੇਸ਼ੁਰ

ਦੇ ਵਿਚਕਾਰ ਹੀ ਰੱਖੋ।" ਕੀ ਪੌਲੁਸ ਇਹ ਸੁਝਾਅ ਦੇ ਰਿਹਾ ਸੀ ਕਿ ਮਸੀਹੀ ਚਾਲਬਾਜ਼ ਜਾਂ ਧੋਖੇਬਾਜ਼ ਹੋ ਸਕਦੇ ਹਨ? ਬਿਲਕੁਲ ਨਹੀਂ। ਉਹ ਸਧਾਰਣ ਤੌਰ ਤੇ ਉਨ੍ਹਾਂ ਨੂੰ ਉਤਸ਼ਾਹਿਤ ਕਰ ਰਿਹਾ ਸੀ ਜੇਕਰ ਉਨ੍ਹਾਂ ਵਿਚਾਰਾਂ ਨੂੰ ਪਰਗਟ ਕਰਨ ਦੇ ਨਾਲ ਕਿਸੇ ਸਾਥੀ ਮਸੀਹੀ ਨੂੰ ਨੁਕਸਾਨ ਹੋਵੇਗਾ ਤਾਂਉਹ ਆਪਣੇ ਵਿਚਾਰਾਂ ਨੂੰ ਆਪਣੇ ਤੱਕ ਹੀ ਸੀਮਿਤ ਰੱਖਣ।

ਫਿਰ ਪੌਲੁਸ ਨੇ ਜੋੜਿਆ, **ਧੰਨ ਉਹ ਜਿਹੜਾ ਉਸ ਕੰਮ ਦੇ ਕਾਰਨ ਜਿਹ ਨੂੰ ਉਹ ਜੋਗ ਸਮਝਦਾ ਹੈ ਆਪਣੇ ਆਪ ਨੂੰ ਦੋਸ਼ੀ ਨਹੀਂ ਠਹਿਰਾਉਂਦਾ।** "ਜਿਹ ਨੂੰ ਉਹ ਜੋਗ ਸਮਝਦਾ ਹੈ" ਮਾਸ ਖਾਣ ਦਾ ਹਵਾਲਾ ਦਿੰਦਾ ਹੈ। ਜੇਕਰ ਇੱਕ "ਮਜ਼ਬੂਤ" ਭਾਈ ਮਾਸ ਖਾਣ ਦੇ ਦੁਆਰਾ ਜਾਂ ਇੱਥੋਂ ਤੱਕ ਕਿ ਮੁੱਦੇ ਤੇ ਆਪਣੇ ਵਿਚਾਰ ਨੂੰ ਪਰਗਟ ਕਰਨ ਦੇ ਦੁਆਰਾ ਵੀ ਕਿਸੇ "ਕਮਜ਼ੋਰ" ਭਾਈ ਨੂੰ ਦੁਖ ਪਹੁੰਚਾਉਂਦਾ ਹੈ, ਉਸ ਦੇ ਕੰਮ ਉਸ ਦੀ ਨਿੰਦਾ ਕਰਦੇ ਹਨ। ਪਰ, ਜੇਕਰ, ਉਹ ਆਪਣੇ ਵਿਚਾਰ ਨੂੰ ਆਪਣੇ ਤੱਕ ਹੀ ਰੱਖੇ, ਤਾਂ ਉਹ "ਖੁਸ਼"[74] ਹੋਵੇਗਾ। "ਖੁਸ਼" μακάριος (*ਮਾਕਾਰੀਓਸ*) ਤੋਂ ਹੈ, ਜਿਸ ਸ਼ਬਦ ਦਾ ਅਨੁਵਾਦ ਮੱਤੀ ਦੀ ਇੰਜੀਲ 5:3–11 ਅਤੇ ਹੋਰਨਾਂ ਹਵਾਲਿਆਂ ਵਿੱਚ "ਧੰਨ" ਕੀਤਾ ਗਿਆ ਹੈ। ਮੌਰਿਸ ਦੇ ਅਨੁਸਾਰ, "ਸ਼ਬਦ ਇੱਕ ਧਾਰਮਿਕ ਸਮੱਗਰੀ ਹੈ ਜਿਸ ਵਿੱਚ 'ਖੁਸ਼ੀ' ਦੀ ਕਮੀ ਹੈ; ਇਹ ਸਿਰਫ ਇੱਕ ਭਾਵਨਾ ਨਹੀਂ ਹੈ ਪਰ ਪਰਮੇਸ਼ੁਰ ਦੀ ਇੱਕ ਸੱਚੀ ਬਰਕਤ ਹੈ।"[75] ਪਰਮੇਸ਼ੁਰ ਆਪਣੀਆਂ ਬਰਕਤਾਂ ਉਨ੍ਹਾਂ ਤੇ ਵਰ੍ਹਾਉਂਦਾ ਹੈ ਜੋ ਆਪਣੀ ਬਜਾਇ ਮਸੀਹ ਵਿੱਚ ਆਪਣੇ ਭਾਈਆਂ ਅਤੇ ਭੈਣਾਂ ਦਾ ਜ਼ਿਆਦਾ ਧਿਆਨ ਰੱਖਦੇ ਹਨ।

**ਆਇਤ 23.** ਇਹ ਸਾਨੂੰ ਉਸ ਆਇਤ ਤੱਕ ਲੈ ਆਉਂਦੀ ਹੈ ਜੋ ਰੋਮੀਆਂ 14 ਅਧਿਆਇ ਦੀ ਸਾਡੀ ਚਰਚਾ ਦੇ ਵਿੱਚ ਪਹਿਲਾਂ ਤੋਂ ਹੀ ਦਿੱਤੀ ਗਈ ਹੈ: **ਪਰ ਜਿਹੜਾ ਭਰਮ ਕਰਦਾ ਹੈ** [ਕਿ ਮਾਸ ਖਾਣਾ ਚੰਗਾ ਹੈ] **ਜੇ ਉਹ ਖਾਵੇ ਤਾਂ ਦੋਸ਼ੀ ਹੋਇਆ ਇਸ ਲਈ ਜੋ ਨਿਹਚਾ ਕਰਕੇ ਨਹੀਂ ਖਾਂਦਾ** [ਮਾਸ] **ਹੈ ਅਤੇ ਜੋ ਕੁਝ ਨਿਹਚਾ ਥੀਂ ਨਹੀਂ ਹੁੰਦਾ ਹੈ ਸੋ ਪਾਪ ਹੈ।** ਜਿਵੇਂ ਇਹ ਅਧਿਆਇ 14 ਵਿੱਚ ਕਿਤੇ ਕਰਦਾ ਹੈ, "ਨਿਹਚਾ" ਇੱਥੇ ਵਿਅਕਤੀਗਤ ਵਿਸ਼ਵਾਸ ਨੂੰ ਦਰਸਾਉਂਦੀ ਹੈ। ਮੈਕਕੋਰਡ ਨੇ ਆਇਤ 23 ਦਾ ਤਰਜਮਾ ਇਸ ਪ੍ਰਕਾਰ ਕੀਤਾ: "ਉਹ ਜੋ ਸ਼ੱਕ ਕਰਦਾ ਹੈ ਜੇਕਰ ਉਹ ਖਾਂਦਾ ਹੈ ਤਾਂ ਉਹ ਦੋਸ਼ੀ ਠਹਿਰਦਾ ਹੈ, ਕਿਉਂਕਿ ਉਸ ਵਿੱਚ *ਦ੍ਰਿੜ੍ਹ ਵਿਸ਼ਵਾਸ* ਦੀ ਕਮੀ ਹੈ; ਅਤੇ ਸਭ ਕੁਝ ਜੋ *ਦ੍ਰਿੜ੍ਹ ਵਿਸ਼ਵਾਸ* ਤੋਂ ਨਹੀਂ ਹੁੰਦਾ ਉਹ ਪਾਪ ਹੈ" (ਜ਼ੋਰ ਦਿੱਤਾ ਗਿਆ ਹੈ)। ਕਿਸੇ ਦੇ ਅੰਤਹਕਰਨ ਨੂੰ ਭ੍ਰਿਸ਼ਟ ਨਾ ਕਰਨਾ ਕਿੰਨਾ ਜ਼ਰੂਰੀ ਹੈ ਇਸ ਵਿਸ਼ੇ ਤੇ ਬਾਈਬਲ ਵਿੱਚ ਇਹ ਮੁੱਖ ਬਿਆਨ ਹੈ। Phillips' ਸੰਖੇਪ ਵਿਆਖਿਆ ਹੈ "ਜੇਕਰ ਇੱਕ ਆਦਮੀ ਅਸ਼ੁੱਧ ਅੰਤਹਕਰਨ ਦੇ ਨਾਲ ਮਾਸ ਖਾਂਦਾ ਹੈ, ਤਾਂ ਤੁਹਾਨੂੰ ਯਕੀਨ ਹੋ ਸਕਦਾ ਹੈ ਕਿ ਅਜਿਹਾ ਕਰਨ ਦੇ ਵਿੱਚ ਉਹ ਗਲਤ ਹੈ . . . [ਜ] ਦੋਂ ਅਸੀਂ ਆਪਣੇ ਵਿਸ਼ਵਾਸ ਤੋਂ ਵੱਖਰੇ ਹੋ ਕੇ ਕੁਝ ਕਰਦੇ ਹਾਂ ਤਾਂ ਅਸੀਂ ਪਾਪ ਕਰਦੇ ਹਾਂ।"

ਆਇਤ 23 ਵਿੱਚ ਪੌਲੁਸ ਨੇ ਸਖ਼ਤ ਭਾਸ਼ਾ ਦਾ ਪ੍ਰਯੋਗ ਕੀਤਾ: "ਉਹ ਜੋ ਸ਼ੱਕ ਕਰਦਾ ਹੈ ਜੇਕਰ ਉਹ ਖਾਂਦਾ ਹੈ ਤਾਂ ਉਹ *ਦੋਸ਼ੀ* ਠਹਿਰਦਾ ਹੈ, ਕਿਉਂਕਿ . . . ਜੋ ਕੁਝ ਵਿਸ਼ਵਾਸ ਦੇ ਨਾਲ ਨਹੀਂ ਹੁੰਦਾ ਉਹ *ਪਾਪ* ਹੈ।" ਕੁਝ ਲੋਕ ਇਹ ਕਹਿਣ ਦੇ ਦੁਆਰਾ ਕਿ ਉਸ ਦੇ ਅੰਤਹਕਰਨ ਨੇ, ਪਰਮੇਸ਼ੁਰ ਨੇ ਨਹੀਂ, ਉਸ ਨੂੰ ਦੋਸ਼ੀ ਠਹਿਰਾਇਆ ਹੈ ਭਾਸ਼ਾ ਨੂੰ ਥੋੜਾ ਨਰਮ ਕਰਨ ਦੀ ਕੋਸ਼ਿਸ਼ ਕਰਦੇ ਹਨ; ਹਾਲਾਂਕਿ, ਆਇਤ "ਪਰ" (δέ, *ਦੇ*) ਨਾਲ ਸ਼ੁਰੂ ਹੁੰਦੀ ਹੈ, ਜੋ ਪਿਛਲੀ ਆਇਤ ਦੇ ਨਾਲ ਜੁੜਦਾ ਹੈ। ਪੌਲੁਸ ਆਇਤ 22 ਦੇ ਪਰਮੇਸ਼ੁਰ ਦੇ ਧੰਨ ਦੀ ਤੁਲਨਾ ਆਇਤ 23 ਦੇ ਪਰਮੇਸ਼ੁਰ ਦੁਆਰਾ ਦੋਸ਼ੀ

ਠਹਿਰਾਏ ਗਏ ਦੇ ਨਾਲ ਕਰ ਰਿਹਾ ਸੀ।

ਸ਼ਾਇਦ ਸਾਨੂੰ ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਪੌਲੁਸ ਪ੍ਰਸਤਾਵ *ਨਹੀਂ* ਰੱਖ ਰਿਹਾ ਹੈ, ਧਾਰਮਿਕ ਮਾਮਲਿਆਂ ਵਿੱਚ "ਆਪਣੇ ਅੰਤਹਕਰਨ ਨੂੰ ਆਪਣਾ ਅਗਵਾਈ ਕਰਨ ਵਾਲਾ ਬਣਾਓ।" ਸਾਡਾ ਧਾਰਮਿਕ ਅਧਿਕਾਰ ਪਰਮੇਸ਼ੁਰ ਦਾ ਵਚਨ ਹੈ, ਨਾ ਕਿ ਸਾਡੇ ਅੰਤਹਕਰਨ। ਜ਼ਮੀਰ ਉਸੇ ਹੱਦ ਤੱਕ ਇੱਕ ਸੁਰੱਖਿਆ ਗਾਈਡ ਹੈ ਜਦੋਂ ਤੱਕ ਇਹ ਸੁਰੱਖਿਅਤ ਤੌਰ ਤੇ ਪਰਮੇਸ਼ੁਰ ਦੀ ਸੱਚਾਈ ਦੀ ਅਗਵਾਈ ਕਰ ਰਿਹਾ ਹੈ। ਸਾਲਾਂ ਤੋਂ,ਬਹੁਤਿਆਂ ਨੇ ਸਪੱਸ਼ਟ ਅੰਤਹਕਰਨ ਦੇ ਨਾਲ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ ਹੈ (ਵੇਖੋ ਰਸੂਲਾਂ ਦੇ ਕਰਤੱਬ 8:3; 23:1)। ਫਿਰ ਵੀ, ਇਸ ਹੱਦ ਤੱਕ, ਅੰਤਹਕਰਨ ਸਾਡਾ "ਅਗਵਾਈ ਕਰਨ ਵਾਲਾ ਹੈ": ਸਾਨੂੰ ਆਪਣੇ ਅੰਤਹਕਰਨਾਂ ਨੂੰ ਭ੍ਰਿਸ਼ਟ ਨਹੀਂ ਕਰਨਾ ਚਾਹੀਦਾ ਹੈ। ਕੋਏ ਰੋਪੜ ਨੰ ਇਸ ਨੂੰ ਇਸ ਪ੍ਰਕਾਰ ਰੱਖਿਆ: "ਅੰਤਹਕਰਨ . . . ਇੱਕ ਗਲਤ ਚੀਜ਼ ਨੂੰ ਸਹੀ ਨਹੀਂ ਬਣਾ ਸਕਦਾ, ਪਰ ਇਹ ਇੱਕ ਸਹੀ ਚੀਜ਼ ਨੂੰ ਗਲਤ ਬਣਾ ਸਕਦਾ ਹੈ।"[76]

ਇਸ ਉੱਤੇ ਲੋੜ ਤੋਂ ਵੱਧ ਕੇ ਜ਼ੋਰ ਨਹੀਂ ਦਿੱਤਾ ਜਾ ਸਕਦਾ ਹੈ: ਆਪਣੇ ਅੰਤਹਕਰਨ ਦੀ ਆਵਾਜ਼ ਤੋਂ ਬਾਹਰ ਕੰਮ ਨਾ ਕਰੋ। ਸਟੌਟ ਨੇ ਇਸ ਵਿਚਾਰ ਨੂੰ ਜੋੜਿਆ: "ਇਸ ਖਾਸ ਹਿਦਾਇਤ ਦੇ ਨਾਲ ਆਪਣੇ ਅੰਤਹਕਰਨ ਨੂੰ ਭ੍ਰਿਸ਼ਟ ਨਾ ਕਰੋ, ਉੱਥੇ ਇਸ ਨੂੰ ਸਿਖਾਉਣ ਦੇ ਲਈ ਇੱਕ ਨਿਸ਼ਚਤ ਲੋੜ ਹੈ।"[77] ਫਿਰ ਤੋਂ ਸਿੱਖਿਅਤ ਕਰਨ ਦੇ ਸਮੇਂ ਦੌਰਾਨ, ਸਾਨੂੰ ਉਹ ਨਹੀਂ ਕਰਨਾ ਚਾਹੀਦਾ ਹੈ ਜਿਸ ਨੂੰ ਅੰਤਹਕਰਨ ਗਲਤ ਕਹਿੰਦਾ ਹੈ। ਇੱਕ ਪੁਰਾਣੀ ਕਹਾਵਤ ਕਹਿੰਦੀ ਹੈ, "ਜੇਕਰ ਸ਼ੱਕ ਹੈ, ਤਾਂ ਨਾ ਕਰੋ।" ਇਹ ਕਹਾਉਤ ਅੰਤਹਕਰਨ ਦੇ ਵਿਸ਼ੇ ਵਿੱਚ ਵਿਸ਼ੇਸ਼ ਤੌਰ ਤੇ ਉਚਿਤ ਹੈ। ਜੇਕਰ ਤੁਹਾਨੂੰ ਸ਼ੱਕ ਹੋਵੇ ਕਿ ਕਿਸੇ ਵਿਸ਼ੇਸ਼ ਕੰਮ ਨੂੰ *ਕਰਨਾ* ਸਹੀ ਹੈ ਜਾਂ ਨਹੀਂ, ਤਾਂ ਉਸ ਨੂੰ *ਨਾ ਕਰੋ*।

ਇਸ ਤੋਂ ਪਹਿਲਾਂ ਕਿ ਅਸੀਂ ਆਇਤ 23 ਨੂੰ ਛੱਡੀਏ, ਇੱਥੇ ਇੱਕ ਚੇਤਾਵਨੀ ਹੈ: ਭਾਵੇਂ ਇਨ੍ਹਾਂ ਸ਼ਬਦਾਂ ਵਿੱਚ ਸਾਡੇ ਵਿੱਚੋਂ ਹਰ ਇੱਕ ਦੇ ਲਈ ਇੱਕ ਸੰਦੇਸ਼ ਹੈ, ਪੌਲੁਸ ਖਾਸ ਤੌਰ ਤੇ ਉਨ੍ਹਾਂ ਨੂੰ "ਮਜ਼ਬੂਤ" ਭਾਈਆਂ ਨੂੰ ਸੰਬੋਧਤ ਕਰਨ ਦੇ ਲਈ ਵਰਤਦਾ ਹੈ। ਉਹ "ਮਜ਼ਬੂਤ" ਭਾਈ ਨੂੰ ਕਹਿ ਰਿਹਾ ਸੀ ਕਿ ਅਜਿਹਾ ਕੁਝ ਵੀ ਨਾ ਕਰੋ ਜੋ ਇੱਕ "ਕਮਜ਼ੋਰ" ਭਾਈ ਨੂੰ ਉਸ ਦੇ ਅੰਤਹਕਰਨ ਨੂੰ ਭ੍ਰਿਸ਼ਟ ਕਰਨ ਦੇ ਦੁਆਰਾ ਪਾਪ ਕਰਨ ਦੇ ਲਈ ਉਤਸ਼ਾਹਿਤ ਕਰੇ ਅਤੇ ਸਿੱਟੇ ਵਜੋਂ ਦੋਸ਼ੀ ਠਹਿਰੇ। ਇਹ ਸਹੀ ਠਹਿਰਣ ਨਾਲੋਂ ਵੱਧ ਕੇ, ਬਹੁਤ ਹੀ ਵੱਧ ਕੇ ਮਹੱਤਵਪੂਰਣ ਹੈ।

*ਵਿਸ਼ਵਾਸ* ਦੇ ਮਾਮਲੇ ਵਿੱਚ ਸਹੀ ਹੋਣਾ ਬਹੁਤ ਹੀ ਜ਼ਿਆਦਾ ਮਹੱਤਵਪੂਰਣ ਹੈ। ਐਲਨ ਨੇ ਜ਼ੋਰ ਦੇ ਕੇ ਕਿਹਾ, "ਅਜਿਹੇ ਖੇਤਰ ਹਨ ਜਿੱਥੇ ਅਸੀਂ ਚੁੱਪ-ਚਾਪ ਰਹਿ ਕੇ ਸਮਝੌਤਾ ਨਹੀਂ ਕਰ ਸਕਦੇ ਹਾਂ। ਯਿਸੂ ਅਤੇ ਰਸੂਲਾਂ ਦੇ [ਜੀਵਨ] ਤਰਕ ਦੇ ਨਾਲ ਭਰੇ ਹੋਏ ਸਨ। ਸਾਨੂੰ ਵਿਸ਼ਵਾਸ ਦੇ ਲਈ ਇਮਾਨਦਾਰੀ ਦੇ ਨਾਲ ਸੰਘਰਸ਼ ਕਰਨਾ ਹੈ (ਯਹੂਦਾਹ 3)।"[78] ਝੂਠੇ ਸਿੱਖਿਆ ਦੇਣ ਵਾਲਿਆਂ ਦੇ ਸੰਬੰਧ ਵਿੱਚ, ਪੌਲੁਸ ਨੇ ਕਿਹਾ, "ਪਰ ਅਸੀਂ ਇੱਕ ਘੜੀ ਵੀ ਅਧੀਨ ਹੋ ਕੇ ਓਹਨਾਂ ਦੇ ਵੱਸ ਵਿੱਚ ਨਾ ਆਏ" (ਗਲਾਤੀਆਂ 2:5)।

*ਵਿਚਾਰ*ਦੇ ਮਾਮਲਿਆਂ ਵਿੱਚ, ਜਦਕਿ, ਕਈ ਚੀਜ਼ਾਂ ਸਹੀ ਠਹਿਰਣ ਨਾਲੋਂ ਵੱਧ ਕੇ ਮਹੱਤਵਪੂਰਣ ਹਨ। ਇੱਕ ਭਰਾ ਨੂੰ *ਠੇਸ ਨਾ ਪਹੁੰਚਾਉਣਾ* ਸਹੀ ਠਹਿਰਣ ਤੋਂ ਵੱਧ ਕੇ ਹੈ। ਹਮੇਸ਼ਾ ਇੱਕ ਭਾਈ ਦੀ ਮਦਦ ਕਰਨਾ ਸਹੀ ਠਹਿਰਣ ਤੋਂ ਵੱਧ ਕੇ ਮਹੱਤਵਪੂਰਣ ਹੈ। ਕਾਸ਼ ਪਰਮੇਸ਼ੁਰ ਸਾਡੀ

ਮਦਦ ਕਰੇ ਕਿ ਅਸੀਂ ਆਪਣੇ ਆਪ ਦੀ ਬਜਾਇ ਆਪਣੇ ਭੈਣਾਂ ਅਤੇ ਭਰਾਵਾਂ ਦੀ ਵਧੇਰੇ ਚਿੰਤਾ ਕਰੀਏ।

## ਵਧੀਕ ਅਧਿਐਨ ਲਈ: "ਦੋਸ਼ ਲਾਉਣ" (*ਕਰੀਨੋ*) ਉੱਤੇ ਇੱਕ ਸ਼ਬਦ ਅਧਿਐਨ

ਯੂਨਾਨੀ ਸ਼ਬਦ κρίνω (*ਕਰੀਨੋ*, ਜਿਸ ਦਾ ਅਕਸਰ ਸਭ ਤੋਂ ਵੱਧ ਵਾਰ ਅਨੁਵਾਦ "ਦੋਸ਼ ਲਾਉਣਾ" ਕੀਤਾ ਗਿਆ) ਰੋਮੀਆਂ 14 ਅਧਿਆਇ ਵਿੱਚ ਇਹ ਸ਼ਬਦ ਨੌ ਵਾਰ ਆਉਂਦਾ ਹੈ। ਇਸ ਸ਼ਬਦ ਦਾ "ਮੁੱਖ ਅਰਥ ਹੈ 'ਵੱਖਰਾ ਕਰਨਾ, ਚੁਣਨਾ, ਪਸੰਦ ਕਰਨਾ'; ਇਸ ਲਈ 'ਨਿਰਧਾਰਤ ਕਰਨ ਦੇ ਲਈ,' ਅਤੇ ਇਸੇ ਤਰ੍ਹਾਂ 'ਦੋਸ਼ ਲਾਉਣ ਲਈ, ਨਿਆਂ ਦੀ ਘੋਸ਼ਣਾ ਕਰਨਾ।'"[79] ਸੋਚ ਨੇ ਸੁਝਾਅ ਦਿੱਤਾ ਕਿ ਹੈ ਕਿ ਸ਼ਬਦ ਸਕਾਰਾਤਮਕ ਹੈ ਜਾਂ ਨਾਕਾਰਾਤਮਕ, ਅਤੇ ਲਿਖਤ ਵਿੱਚ ਦੋਵੇਂ ਇਸਤੇਮਾਲ ਦਿਖਾਈ ਦਿੰਦੇ ਹਨ। ਹੇਠਾਂ ਦਿੱਤੀਆਂ ਗਈਆਂ ਆਇਤਾਂ ਵਿੱਚ ਟੇਢੇ ਸ਼ਬਦਾਂ ਤੇ ਧਿਆਨ ਦਿਓ, ਹਰੇਕ ਕਰੀਨੋ ਦੇ ਰੂਪ ਤੋਂ ਅਨੁਵਾਦ ਕੀਤਾ ਗਿਆ ਹੈ:

14:3—ਜਿਹੜਾ ਖਾਣ ਵਾਲਾ ਹੈ ਉਹ ਨਾ ਖਾਣ ਵਾਲੇ ਨੂੰ ਤੁੱਛ ਨਾ ਜਾਣੇ ਅਤੇ ਜਿਹੜਾ ਨਾ ਖਾਣ ਵਾਲਾ ਹੈ ਉਹ ਖਾਣ ਵਾਲੇ ਉੱਤੇ *ਦੋਸ਼ ਨਾ ਲਾਵੇ* ਕਿਉਂ ਜੋ ਪਰਮੇਸ਼ੁਰ ਨੇ ਉਹ ਨੂੰ ਕਬੂਲ ਕਰ ਲਿਆ ਹੈ।

14:4—ਤੂੰ ਪਰਾਏ ਟਹਿਲੂਏ ਉੱਤੇ ਦੋਸ਼ ਲਾਉਣ ਵਾਲਾ ਕੌਣ ਹੁੰਦਾ ਹੈਂ? ਉਹ ਤਾਂ ਆਪਣੇ ਹੀ ਮਾਲਕ ਦੇ ਅੱਗੇ ਖਲ੍ਹਿਆਰਿਆ ਰਹਿੰਦਾ ਅਥਵਾ ਡਿੱਗ ਪੈਂਦਾ ਹੈ ਪਰ ਉਹ ਖਲ੍ਹਿਆਰਿਆ ਰਹੇਗਾ ਕਿਉਂ ਜੋ ਪ੍ਰਭੁ ਉਹ ਦੇ ਖਲ੍ਹਿਆਰਨ ਨੂੰ ਸਮਰਥ ਹੈ।

14:5—ਕੋਈ ਇੱਕ ਦਿਨ ਨੂੰ ਦੂਜੇ ਦਿਨ ਨਾਲੋਂ *ਚੰਗਾ ਸਮਝਦਾ* ਹੈ। ਕੋਈ ਜਣਾ ਸਭਨਾਂ ਦਿਨਾਂ ਨੂੰ ਇੱਕੋ ਜਿਹਾ *ਸਮਝਦਾ* ਹੈ। ਹਰ ਕੋਈ ਆਪੋ ਆਪਣੇ ਮਨ ਵਿੱਚ ਪੱਕੀ ਨਿਹਚਾ ਰੱਖੇ।

14:10—ਪਰ ਤੂੰ ਆਪਣੇ ਭਰਾ ਉੱਤੇ ਕਾਹਨੂੰ *ਦੋਸ਼* ਲਾਉਂਦਾ ਹੈਂ ਅਥਵਾ ਫੇਰ ਤੂੰ ਆਪਣੇ ਭਰਾ ਨੂੰ ਕਿਉਂ ਤੁੱਛ ਜਾਣਦਾ ਹੈਂ? ਕਿਉਂ ਜੋ ਅਸੀਂ ਸੱਭੇ ਪਰਮੇਸ਼ੁਰ ਦੇ ਨਿਆਉਂ ਸਿੰਘਾਸਣ ਦੇ ਅੱਗੇ ਖੜੇ ਹੋਵਾਂਗੇ।

14:13—ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ *ਦੋਸ਼* ਨਾ ਲਾਈਏ ਸਗੋਂ ਤੁਸੀਂ ਇਹ *ਵਿਚਾਰੋ* ਭਈ ਠੇਡੇ ਅਥਵਾ ਠੋਕਰ ਵਾਲੀ ਵਸਤ ਤੁਸੀਂ ਆਪਣੇ ਭਰਾ ਦੇ ਰਾਹ ਵਿੱਚ ਨਾ ਰੱਖੋ।

14:22—ਤੈਨੂੰ ਜਿਹੜੀ ਨਿਹਚਾ ਹੈ ਸੋ ਆਪਣੇ ਲਈ ਪਰਮੇਸ਼ੁਰ ਦੇ ਅੱਗੇ ਰੱਖ। ਧੰਨ ਉਹ ਜਿਹੜਾ ਉਸ ਕੰਮ ਦੇ ਕਰਨ ਵਿੱਚ ਜਿਹ ਨੂੰ ਉਹ ਜੋਗ ਸਮਝਦਾ ਹੈ ਆਪਣੇ ਆਪ ਨੂੰ *ਦੋਸ਼ੀ* ਨਹੀਂ ਠਹਿਰਾਉਂਦਾ।

14:23—ਪਰ ਜਿਹੜਾ ਭਰਮ ਕਰਦਾ ਹੈ ਜੇ ਉਹ ਖਾਵੇ ਤਾਂ *ਦੋਸ਼ੀ* ਹੋਇਆ ਇਸ ਲਈ ਜੋ ਨਿਹਚਾ ਕਰਕੇ ਨਹੀਂ ਖਾਂਦਾ ਹੈ ਅਤੇ ਜੋ ਕੁਝ ਨਿਹਚਾ ਥੀਂ ਨਹੀਂ ਹੁੰਦਾ ਹੈ ਸੋ ਪਾਪ ਹੈ।

ਅਧਿਆਇ 14 ਵਿੱਚ, ਕਰੀਨੋ ਕੁਝ ਕੁ ਵਾਰ ਸਕਾਰਾਤਮਕ ਭਾਵਨਾ ਦੇ ਨਾਲ ਇਸਤੇਮਾਲ ਕੀਤਾ ਗਿਆ ਹੈ। ਆਇਤ 5 ਵਿੱਚ ਦੋ ਵਾਰ ਇਸ ਦਾ ਅਨੁਵਾਦ "ਸਮਝਦਾ ਹੈ" ਅਤੇ ਆਇਤ 13ਬ ਵਿੱਚ "ਵਿਚਾਰੋ" ਕੀਤਾ ਗਿਆ ਹੈ। ਪਰ, ਕਿਰਿਆ ਦਾ ਮੁੱਖ ਤੌਰ ਤੇ ਨਾਕਾਰਾਤਮਕ ਅਰਥ ਹੈ ਅਤੇ ਆਮ ਤੌਰ ਤੇ ਅਨੁਵਾਦ "ਦੋਸ਼ ਲਾਉਣਾ" (14:3, 4, 10, 13ਏ)। ਅਧਿਆਇ ਦੇ ਅੰਤ ਤੇ, ਇਸ ਦਾ ਅਨੁਵਾਦ"ਦੋਸ਼ੀ ਠਹਿਰਣਾ" ਅਤੇ "ਦੋਸ਼ੀ ਹੋਇਆ" ਕੀਤਾ ਗਿਆ ਹੈ (14:22, 23)।

ਪੱਤ੍ਰੀ ਦੇ ਬਾਅਦ ਦਾ ਅੱਧਾ ਭਾਗ ਸਲਾਹ ਨਾਲ ਸ਼ੁਰੂ ਹੁੰਦਾ ਹੈ: "ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ *ਦੋਸ਼* ਨਾ ਲਾਈਏ" (14:13)। ਕਈ ਲੋਕ ਪੌਲੁਸ ਦੀ ਦੋਸ਼ ਨਾ ਲਾਉਣ ਦੀ ਸਲਾਹ ਦਾ ਅਰਥ ਇਹ ਸਮਝਦੇ ਹਨ ਕਿ ਦੂਜੇ ਲੋਕ ਜੋ ਸਿਖਾਉਂਦੇ ਹਨ ਸਾਨੂੰ ਕਦੀ ਵੀ ਉਸ ਨੂੰ ਚੁਨੌਤੀ ਨਹੀਂ ਦੇਣੀ ਚਾਹੀਦੀ ਹੈ, ਕਿ ਸਾਨੂੰ ਕਿਸੇ ਵੀ ਅਤੇ ਹਰੇਕ ਦ੍ਰਿਸ਼ਟੀਕੋਣ ਤੇ ਸਹਿਣਸ਼ੀਲ ਹੋਣਾ ਚਾਹੀਦਾ ਹੈ। ਪਰ, ਉਸੇ ਪੌਲੁਸ ਨੇ ਜਿਸ ਨੇ 15:7 ਵਿੱਚ ਕਿਹਾ ਸੀ "ਇੱਕ ਦੂਏ ਨੂੰ *ਕਬੂਲ ਕਰੋ*" ਉਸ ਨੇ 16:17 ਵਿੱਚ ਇਹ ਵੀ ਕਿਹਾ "*ਓਹਨਾਂ ਤੋਂ ਲਾਂਭੇ ਰਹੋ*" "ਜਿਹੜੇ ਉਸ ਸਿੱਖਿਆ ਦੇ ਵਿਰੁੱਧ ਜੋ ਤੁਹਾਨੂੰ ਮਿਲੀ ਹੈ ਫੁੱਟ ਪਾਉਂਦੇ ਅਤੇ ਠੋਕਰ ਖੁਆਉਂਦੇ ਹਨ" (ਜ਼ੋਰ ਦਿੱਤਾ ਗਿਆ ਹੈ)। ਪੌਲੁਸ ਨੇ ਕਈਆਂ ਭਾਈਆਂ ਨੂੰ "ਕਬੂਲ ਕਰਨ" ਲਈ ਕਿਹਾ ਅਤੇ ਹੋਰਨਾਂ ਤੋਂ"ਲਾਂਭੇ ਰਹਿਣ" ਲਈ ਕਿਹਾ। ਫਰਕ ਕਿਉਂ? ਅਸੀਂ ਉਨ੍ਹਾਂ ਨੂੰ *ਕਬੂਲ* ਕਰਨਾ ਹੈ ਜਿਨ੍ਹਾਂ ਦੇ ਵਿਚਾਰ ਸਾਡੇ ਵਿਚਾਰਾਂ ਨਾਲੋਂ ਵੱਖਰੇ ਹਨ, ਪਰ ਅਸੀਂ ਗਲਤ ਸਿੱਖਿਆ ਨੂੰ ਜੋ ਫੁੱਟ ਨੂੰ ਵਧਾਉਂਦੀ ਹੈ *ਰੱਦ* ਕਰਨਾ ਹੈ। ਅਸੀਂ ਇੱਕ ਕੱਸ ਕੇ ਬੰਨ੍ਹੀ ਰੱਸੀ ਤੇ ਚਲ ਰਹੇ ਹਾਂ; ਅਸੀਂ ਕੋਸ਼ਿਸ਼ ਕਰਨੀ ਹੈ ਕਿ ਅਸੀਂ ਸੱਜੇ ਪਾਸੇ ਨਾ ਡਿੱਗ ਜਾਈਏ, ਜਿੱਥੇ ਅਸੀਂ ਉਨ੍ਹਾਂ ਲੋਕਾਂ ਦਾ ਨਿਆਂ ਕਰਦੇ ਹਾਂ ਜਿਨ੍ਹਾਂ ਦੇ ਵਿਚਾਰ ਵੱਖਰੇ ਹਨ; ਅਤੇ, ਇਸ ਦੇ ਨਾਲ ਨਾਲ, ਅਸੀਂ ਕੋਸ਼ਿਸ਼ ਕਰਨੀ ਹੈ ਕਿ ਅਸੀਂ ਖੱਬੇ ਪਾਸੇ ਨਾ ਡਿੱਗ ਜਾਈਏ, ਜਿੱਥੇ ਅਸੀਂ ਗਲਤੀਆਂ ਨੂੰ ਬਰਦਾਸ਼ਤ ਕਰਦੇ ਅਤੇ ਸਵੀਕਾਰ ਕਰਦੇ ਹਾਂ।

ਇਸ ਗੱਲ ਤੇ ਫਿਰ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਰੋਮੀਆਂ 14:1—15:13 ਵਿਚਾਰ ਦੇ ਮਾਮਲਿਆਂ ਨਾਲ ਸੰਬੰਧਤ ਹੈ ਇਨ੍ਹਾਂ ਮਾਮਲਿਆਂ ਦੇ ਸੰਬੰਧ ਵਿੱਚ, ਪੌਲੁਸ ਨੇ ਕਿਹਾ, "ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਦੋਸ਼ ਨਾ ਲਾਈਏ" (14:13)। ਇਸ ਹੁਕਮ ਦੀ ਪਾਲਣਾ ਕਰਕੇ, ਅਸੀਂ ਪਰਮੇਸ਼ੁਰ ਦੀ ਕਲੀਸਿਆ ਦੇ ਵਿੱਚ ਏਕਤਾ ਨੂੰ ਵਧਾ ਸਕਦੇ ਹਾਂ।

# ਪ੍ਰਾਸੰਗਿਕਤਾ

## ਖੇਰੂੰ ਖੇਰੂੰ ਹੋਣ ਤੋਂ ਬਿਨਾਂ ਅਸਹਿਮਤੀ (ਅਧਿਆਇ 14)

*ਵਿਚਾਰ ਦੇ ਮਾਮਲੇ?*

1. ਚਰਚ ਦੇ ਵਿੱਚ। ਚਰਚ ਵਿਚਲੇ ਲੋਕਾਂ ਵਿੱਚ ਹਮੇਸ਼ਾ ਅਸਹਿਮਤੀਆਂ ਰਹੀਆਂ ਹਨ, ਅਤੇ ਹਮੇਸ਼ਾ ਰਹਿਣਗੀਆਂ। ਇਨ੍ਹਾਂ ਮਤਭੇਦਾਂ ਵਿੱਚੋਂ ਕੁਝ ਮਤਭੇਦ ਸਿਧਾਂਤਕ ਹਨ। ਅਜਿਹੇ ਮਤਭੇਦਾਂ ਦੇ ਸੰਬੰਧ ਵਿੱਚ, ਯਹੂਦਾਹ ਨੇ ਲਿਖਿਆ ਹੈ, "ਭਈ ਤੁਸੀਂ ਉਸ ਨਿਹਚਾ ਦੇ ਲਈ ਜਿਹੜੀ ਇੱਕੋ ਹੀ ਵਾਰ

ਸੰਤਾਂ ਨੂੰ ਸੌਂਪੀ ਗਈ ਸੀ ਜਤਨ ਕਰੋ" (ਯਹੂਦਾਹ 3)। ਪਰ, ਕਲੀਸਿਆਵਾਂ ਵਿੱਚ ਗੜਬੜੀ ਦੀ ਉੱਚ ਪ੍ਰਤਿਸ਼ਤਤਾ ਵਿਚਾਰਾਂ ਦੇ ਮਾਮਲੇ ਤੇ ਹੈ। ਰੋਮੀਆਂ ਅਧਿਆਇ 14 ਵਿੱਚ, ਪੌਲੁਸ ਨੇ ਦੱਸਿਆ ਹੈ ਕਿ ਜਦੋਂ ਮਸੀਹੀ ਲੋਕ ਉਨ੍ਹਾਂ ਮੁੱਦਿਆਂ ਦੇ ਵਿਸ਼ੇ ਵਿੱਚ ਅਸਹਿਮਤ ਹੁੰਦੇ ਹਨ ਜੋ ਵਿਸ਼ਵਾਸ ਦੇ ਮੁੱਦੇ ਨਹੀਂ ਹਨ ਤਾਂ ਮਸੀਹੀਆਂ ਨੂੰ ਕਿਹੋ ਜਿਹਾ ਵਿਹਾਰ ਕਰਨਾ ਚਾਹੀਦਾ ਹੈ। ਮਸੀਹ ਦੇ ਵਿੱਚ ਭੈਣਾਂ ਤੇ ਭਰਾ ਹੋਣ ਦੇ ਨਾਤੇ, ਅਸੀਂ ਚਰਚ ਨੂੰ ਖੇਰੂੰ ਖੇਰੂੰ ਕਰਨ ਤੋਂ ਬਿਨਾਂ ਅਸਹਿਮਤ ਹੋਣਾ ਸਿਖ ਸਕਦੇ ਹਾਂ।[80]

2. ਸਮਾਜ ਵਿੱਚ। ਪੌਲੁਸ ਦਾ ਸੰਬੰਧ ਚਰਚ ਵਿਚਲੀ ਅਸਹਿਮਤੀ ਦੇ ਨਾਲ ਸੀ, ਪਰ ਸਿਧਾਂਤਾਂ ਦੀ ਰੂਪਰੇਖਾ ਕਿਸੇ ਵੀ ਹਾਲਤ ਵਿੱਚ ਮਦਦ ਕਰ ਸਕਦੀ ਹੈ ਜਿਸ ਵਿੱਚ ਲੋਕ ਇਕੱਠੇ ਨਿਰਵਾਹ ਨਹੀਂ ਕਰ ਸਕਦੇ।[81] ਦੂਜਿਆਂ ਨੂੰ ਸਵੀਕਾਰ ਕਰਨ, ਉਨ੍ਹਾਂ ਦੀ ਉੱਨਤੀ ਕਰਨ, (ਆਪਣੇ ਆਪ ਨੂੰ ਖੁਸ਼ ਕਰਨ ਦੀ ਬਜਾਇ) ਦੂਜਿਆਂ ਨੂੰ ਖੁਸ਼ ਕਰਨ ਦੇ ਸਿਧਾਂਤਾਂ ਦਾ ਕਿਸੇ ਵੀ ਵਿਆਹ ਅਤੇ ਪਰਿਵਾਰ ਨੂੰ ਲਾਭ ਹੋਵੇਗਾ। ਇਹ ਧਾਰਨਾਵਾਂ ਵਪਾਰ ਅਤੇ ਭਾਈਚਾਰੇ, ਅਤੇ ਇੱਥੋਂ ਤੱਕ ਕਿ ਸਿਆਸੀ ਖੇਤਰ ਵਿੱਚ ਵੀ ਤਨਾਅ ਤੋਂ ਛੁਟਕਾਰਾ ਦੇ ਸਕਦੀਆਂ ਹਨ। ਜਿਮ ਮੈਕਗੁਰੈਨ ਨੇ ਦਲੀਲ ਦਿੱਤੀ ਕਿ "ਆਪਣੀ ਗੱਲ ਨੂੰ ਮਨਾਉਣ ਵਾਲੀ ਸਾਡੀ ਪੱਕੀ ਜਿੱਦ . . . ਮਾਤਾ-ਪਿਤਾ/ਬੱਚਿਆਂ ਦੀਆਂ ਸਮੱਸਿਆਵਾਂ; ਪਤੀ/ਪਤਨੀ ਦੀਆਂ ਸਮੱਸਿਆਵਾਂ ਵੱਲ ਅਗਵਾਈ ਕਰਦੀ ਹੈ ਜਿਸ ਦਾ ਸਿੱਟਾ ਤਲਾਕ ਹੁੰਦਾ ਹੈ; [ਅਤੇ] ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸਮੱਸਿਆਵਾਂ ਦੰਗੇ ਅਤੇ ਯੁੱਧ ਨੂੰ ਛੇੜਣ ਦਾ ਕਾਰਣ ਬਣਦੇ ਹਨ।"[82]

*ਵਿਸ਼ਵਾਸ ਦੇ ਮਾਮਲੇ?*

ਇਸ ਤੋਂ ਪਹਿਲਾਂ ਕਿ ਰੋਮੀਆਂ ਅਧਿਆਇ 14 ਇੱਕ ਮਤਭੇਦ ਤੇ ਸਖਤੀ ਦੇ ਨਾਲ ਲਾਗੂ ਕੀਤਾ ਜਾ ਸਕੇ, ਇਹ ਸਿੱਧ ਕੀਤਾ ਜਾਣਾ ਜ਼ਰੂਰੀ ਹੈ ਕਿ ਇਹ ਇੱਕ ਵਿਚਾਰ ਦਾ ਮੁੱਦਾ ਹੈ। ਮੈਂ ਵਿਸ਼ਵਾਸ ਕਰਦਾ ਹਾਂ, ਕਿਸੇ ਵੀ ਤਰ੍ਹਾਂ ਅਸੀਂ ਹਵਾਲੇ ਵਿੱਚੋਂ ਕੁਝ ਆਮ ਸਿਧਾਂਤਾਂ ਨੂੰ ਕੱਢ ਸਕਦੇ ਹਾਂ ਜੋ ਕਿਸੇ ਵੀ ਸਮੇਂ ਮਦਦਗਾਰ ਸਿੱਧ ਹੋਣਗੇ ਜਦੋਂ ਕਿਸੇ ਵੀ ਸਮੇਂ ਅਸੀਂ ਇੱਕ ਭਾਈ ਦੇ ਨਾਲ ਅਸਹਿਮਤ ਹੁੰਦੇ ਹਾਂ-ਭਾਵੇਂ ਸਿਧਾਂਤਕ ਅੰਤਰਾਂ ਤੇ ਚਰਚਾ ਕੀਤੀ ਜਾ ਰਹੀ ਹੈ। ਹੇਠਾਂ ਕੁਝ ਉਦਾਹਰਣਾਂ ਹਨ; ਤੁਸੀਂ ਸ਼ਾਇਦ ਹੋਰ ਵੀ ਉਦਾਹਰਣਾਂ ਪ੍ਰਾਪਤ ਕਰ ਸਕਦੇ ਹੋ। (ਮੈਨੂੰ ਇਨ੍ਹਾਂ ਯਾਦਗਾਰਾਂ ਦੀ ਲੋੜ ਹੈ; ਸ਼ਾਇਦ ਤੁਹਾਨੂੰ ਵੀ ਲੋੜ ਹੈ।)

1. ਯਕੀਨ ਕਰਨ ਵਾਲੇ ਅਤੇ ਅਟਲ ਬਣੋ।[83] ਪਹਿਲਾ, ਸਾਨੂੰ ਚੰਗੀ ਤਰ੍ਹਾਂ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨ ਅਤੇ ਉਤਸ਼ਾਹ ਦੇ ਨਾਲ ਪ੍ਰਾਰਥਨਾ ਕਰਨ ਦੀ ਲੋੜ ਹੈ ਕਿ ਪਰਮੇਸ਼ੁਰ ਸਾਡੀ ਮਦਦ ਕਰੇ ਕਿ ਅਸੀਂ ਮਾਮਲੇ ਵਿੱਚ ਉਸ ਦੀ ਇੱਛਾ ਨੂੰ ਸਮਝ ਸਕੀਏ। ਸਾਨੂੰ ਵਿਅਕਤੀਗਤ ਤੌਰ ਤੇ ਦ੍ਰਿੜ੍ਹ ਨਿਹਚਾ ਹੋਣੀ ਚਾਹੀਦੀ ਹੈ (14:5); ਅਤੇ ਸਾਡੇ ਲਈ ਆਪਣੇ ਵਿਸ਼ਵਾਸਾਂ, ਸਿੱਖਿਆਵਾਂ ਅਤੇ ਕੰਮਾਂ ਵਿੱਚ ਦ੍ਰਿੜ੍ਹ ਬਣੇ ਰਹਿਣਾ ਜ਼ਰੂਰੀ ਹੈ (14:23)।

2. ਦਇਆਵਾਨ ਅਤੇ ਦੂਜਿਆਂ ਦਾ ਧਿਆਨ ਰੱਖਣ ਵਾਲੇ ਬਣੋ। ਜੇਕਰ ਕੋਈ ਸਾਡੇ ਸਿੱਟਿਆਂ ਦੇ ਨਾਲ ਸਹਿਮਤ ਨਾ ਹੋਵੇ, ਉਸ ਉਸ ਦੇ ਪ੍ਰਤਿ ਪਿਆਰ ਨਾਲ ਚੱਲਣ ਦਾ ਸੰਕਲਪ ਕਰੀਏ (14:15ਅ)। ਆਖਿਰਕਾਰ, ਉਹ ਇੱਕ ਅਜਿਹਾ ਭਾਈ ਹੈ "ਜਿਸ ਦੇ ਲਈ ਮਸੀਹ ਮੋਇਆ" (14:15ਬ)। ਜੇਕਰ ਅਸੀਂ ਮਸੀਹ ਵਿੱਚ ਆਪਣੇ ਭੈਣਾਂ ਅਤੇ ਭਰਾਵਾਂ ਨੂੰ ਪ੍ਰੇਮ ਕਰਦੇ ਹਾਂ, ਤਾਂ ਅਸੀਂ

ਉਨ੍ਹਾਂ ਦੇ ਨਾਲ ਇੱਜ਼ਤ ਨਾਲ ਪੇਸ਼ ਆਵਾਂਗੇ (14:10ਬ)। ਦੋਸ਼ ਲਾਉਣ ਵਾਲਾ ਹੋਣ ਦੀ ਬਜਾਇ (14:10ਅ), ਅਸੀਂ ਉਸ ਸਭ ਦੀ ਉੱਤਮ ਤਰੀਕੇ ਦੇ ਨਾਲ ਵਿਆਖਿਆ ਕਰਾਂਗੇ ਜੋ ਉਹ ਕਹਿੰਦੇ ਅਤੇ ਕਰਦੇ ਹਨ।

ਅਸੀਂ ਇਹ ਵਿਸ਼ਵਾਸ ਕਰਦੇ ਹੋਏ ਕਿਸੇ ਵੀ ਚਰਚਾ ਵਿੱਚ ਪ੍ਰਵੇਸ਼ ਕਰਾਂਗੇ ਕਿ ਦੂਜੇ ਲੋਕ ਵੀ ਸਾਡੇ ਵਾਂਗ ਹੀ ਈਮਾਨਦਾਰ ਹਨ ਅਤੇ ਉਹ ਵੀ, ਪ੍ਰਭੂ ਦੇ ਲਈ ਜੀਉਣ ਦੀ ਕੋਸ਼ਿਸ਼ ਕਰ ਰਹੇ ਹਨ (14:8)। ਅਸੀਂ ਦੂਜੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਦੇ ਲਈ ਆਪਣੀ ਪੂਰੀ ਪੂਰੀ ਕੋਸ਼ਿਸ਼ ਕਰਾਂਗੇ ਅਤੇ ਉਸ ਸਥਿਤੀ ਵਿੱਚ ਕਿਸੇ ਵੀ ਤਾਕਤ ਨੂੰ ਸਵੀਕਾਰ ਕਰਨ ਲਈ ਤਿਆਰ ਰਹਾਂਗੇ।

3. ਚਿੰਤਾ ਅਤੇ ਦੇਖਭਾਲ ਕਰਨ ਵਾਲੇ ਬਣੋ। ਜੋ ਕੁਝ ਵੀ ਅਸੀਂ ਕਰੀਏ, ਉਸ ਵਿੱਚ ਸਾਨੂੰ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਕਦੀ ਵੀ ਇੱਕ ਭਾਈ ਨੂੰ ਦੁਖੀ ਜਾਂ ਨਿਰਾਸ਼ ਨਾ ਕਰੀਏ (14:20, 21)। ਸਭ ਤੋਂ ਵੱਧ ਕੇ, ਆਓ ਅਸੀਂ ਕਲੀਸਿਆ ਦੇ ਵਿੱਚ ਫੁੱਟ ਨੂੰ ਵਧਾਵਾ ਦੇਣ ਵਾਲੇ ਜਾਂ ਪ੍ਰਭੂ ਦੇ ਚਰਚ ਦੀ "ਬਦਨਾਮੀ" ਦਾ ਕਾਰਣ ਨਾ ਬਣੀਏ (14:16)। ਪ੍ਰਭੂ ਦੀ ਮਦਦ ਦੇ ਨਾਲ, ਆਓ ਹਮੇਸ਼ਾ "ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ ਤਰੱਕੀ ਹੋਵੇ" (14:19)।

*ਸਿੱਟਾ।* 12:18 ਵਿੱਚ, ਪੌਲੁਸ ਨੇ ਕਿਹਾ, "ਜੇ ਹੋ ਸੱਕੇ ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ।" ਸਾਡੀ ਪੂਰੀ ਕੋਸ਼ਿਸ਼ ਦੇ ਬਾਵਜੂਦ ਵੀ, ਕਈ ਵਾਰ ਕਿਸੇ ਭਾਈ ਦੇ ਨਾਲ ਸ਼ਾਂਤੀ ਰੱਖਣਾ ਅਸੰਭਵ ਹੁੰਦਾ ਹੈ। ਕਈ ਵਾਰ, ਇਹ ਵੀ ਜ਼ਰੂਰੀ ਹੋ ਸਕਦਾ ਹੈ, "ਜਿਹੜੇ ਉਸ ਸਿੱਖਿਆ ਦੇ ਵਿਰੁੱਧ ਜੋ ਤੁਹਾਨੂੰ ਮਿਲੀ ਹੈ ਫੁੱਟ ਪਾਉਂਦੇ ਅਤੇ ਠੋਕਰ ਖੁਆਉਂਦੇ ਹਨ" "ਓਹਨਾਂ ਤੋਂ ਲਾਂਭੇ ਰਹੋ" (16:17)। ਭਾਵੇਂ ਕੁਝ ਵੀ ਹੋਵੇ, ਜੇਕਰ,ਅਸੀਂ ਰੋਮੀਆਂ, 14 ਦੇ ਸਧਾਰਣ ਸਿਧਾਂਤਾਂ ਨੂੰ ਲਾਗੂ ਕਰਦੇ ਹਾਂ ਜਦੋਂ ਅਸੀਂ ਕਿਸੇ ਭਾਈ ਨਾਲ ਅਸਹਿਮਤ ਹੁੰਦੇ ਹਾਂ, ਅਜਿਹੇ ਮੌਕੇ ਕੁਝ ਹੀ ਅਤੇ ਬਹੁਤ ਘੱਟ ਹੋਣਗੇ। ਕੋਏ ਰੋਪਰ ਨੇ ਲਿਖਿਆ,

> [ਰੋਮੀਆਂ 14 ਦੇ ਅਧਿਐਨ ਤੋਂ] ਇੱਕ ਗੱਲ ਕੁਝ ਖਾਸ ਲੱਗਦੀ ਹੈ: ਸਾਨੂੰ ਆਪਣੇ ਆਪ ਅਤੇ ਆਪਣੇ ਭਾਈਆਂ ਵਿੱਚ ਸੰਗਤੀ ਦੀਆਂ ਲਾਇਨਾਂ ਖਿੱਚਣ ਤੋਂ ਝਿਜਕ ਹੋਣੀ ਚਾਹੀਦੀ ਹੈ। ਸਾਡੇ ਅੰਦਰ ਸੁਭਾਵਿਕ ਤੌਰ ਤੇ ਅਤੇ ਪਿਆਰ ਨਾਲ ਉਨ੍ਹਾਂ ਭਾਈਆਂ ਨੂੰ ਵੀ ਸਵੀਕਾਰ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ ਜੋ ਸਾਡੇ ਨਾਲ ਅਸਹਿਮਤ ਹੁੰਦੇ ਹਨ। ਜੇਕਰ ਆਖਿਰਕਾਰ ਸਾਨੂੰ ਇਹ ਸਿੱਟਾ ਕੱਢਣ ਦੇ ਲਈ ਮਜ਼ਬੂਰ ਹੋਣਾ ਪਵੇ ਕਿ ਅਸੀਂ ਇੱਕ ਭਰਾ ਨੂੰ ਉਸ ਦੇ ਪਾਪੀ ਸੁਭਾਅ ਦੇ ਕਾਰਣ ਜਿਸ ਨੂੰ ਉਹ ਛੱਡਣਾ ਨਹੀਂ ਚਾਹੁੰਦਾ ਹੈ ਅੱਗੇ ਤੋਂ ਕਬੂਲ ਨਹੀਂ ਕਰ ਸਕਦੇ, ਤਾਂ ਵੀ ਇਹ ਸਿਰਫ ਵੱਡੀ ਅਣਇੱਛਾ, ਉਦਾਸੀ ਅਤੇ ਅੰਝੂਆਂ ਦੇ ਨਾਲ ਹੋਣਾ ਚਾਹੀਦਾ ਹੈ।[84]

## ਕੀ ਤੁਹਾਨੂੰ ਆਪਣੇ ਅੰਤਹਕਰਨ ਨੂੰ ਆਪਣਾ ਮਾਰਗਦਰਸ਼ਕ ਬਣਨ ਦੇਣਾ ਚਾਹੀਦਾ ਹੈ? (ਅਧਿਆਇ 14)

ਅਸੀਂ ਅਕਸਰ ਅਜਿਹਾ ਸੁਣਦੇ ਹਾਂ, "ਆਪਣੇ ਅੰਤਹਕਰਨ ਨੂੰ ਆਪਣਾ ਮਾਰਗਦਰਸ਼ਕ ਬਣਨ ਦਿਓ।" ਧਰਮ ਵਿੱਚ ਇੱਕ ਆਮ ਧਾਰਣਾ ਇਹ ਪਾਈ ਜਾਂਦੀ ਹੈ ਕਿ ਜਦ ਤੱਕ ਕੋਈ ਵਿਅਕਤੀ ਆਪਣੇ ਅੰਤਹਕਰਨ ਦੀ ਅਵਾਜ਼ ਦੇ ਅਨੁਸਾਰ ਚੱਲਦਾ ਹੈ, ਤਦ ਤੱਕ ਸਭਕੁਝ ਠੀਕ ਹੁੰਦਾ ਹੈ। ਇਸ

ਹਿੱਸੇ ਵਿੱਚ ਅਸੀਂ ਪੁੱਛ ਰਹੇ ਹਾਂ, "ਕੀ ਤੁਹਾਨੂੰ ਆਪਣੇ ਅੰਤਹਕਰਨ ਨੂੰ ਆਪਣਾ ਮਾਰਗਦਰਸ਼ਕ ਬਣਨ ਦੇਣਾ *ਚਾਹੀਦਾ* ਹੈ?" ਮੇਰਾ ਜਵਾਬ ਕਿਸੇ ਰਾਜਨੇਤਾ ਵਰਗਾ ਜਾਪ ਸਕਦਾ ਹੈ—ਕਿਉਂਕਿ ਮੇਰਾ ਜਵਾਬ ਹੈ "ਹਾਂ" ਅਤੇ "ਨਾ।" ਮੈਨੂੰ ਆਸ ਹੈ ਕਿ ਤੁਸੀਂ ਮੈਨੂੰ ਗੌਰ ਨਾਲ ਸੁਣੋਗੇ ਤਾਂ ਜੋ ਮੇਰੇ ਕਹਿਣ ਦੇ ਭਾਵ ਨੂੰ ਸਮਝ ਸਕੋ। ਆਓ "ਨਾ" ਜਵਾਬ ਤੋਂ ਅਰੰਭ ਕਰਦੇ ਹਾਂ:

*"ਨਾ": ਧਾਰਮਿਕ ਮਸਲਿਆਂ ਵਿੱਚ ਮਾਰਗਦਰਸ਼ਕ ਵਜੋਂ ਇਕੱਲਾ ਅੰਤਹਕਰਨ ਹੀ ਕਾਫ਼ੀ ਨਹੀਂ ਹੈ।* ਬਾਈਬਲ ਸਪੱਸ਼ਟ ਕਰਦੀ ਹੈ ਕਿ ਧਰਮ ਦੇ ਮਾਮਲੇ ਵਿੱਚ ਅੰਤਹਕਰਨ ਇੱਕ ਸੁਰੱਖਿਅਤ ਮਾਰਗਦਰਸ਼ਕ ਨਹੀਂ ਹੈ। ਪੌਲੁਸ ਦੇ ਉਦਾਹਰਣ ਨੂੰ ਵੇਖੋ। ਪੌਲੁਸ ਨੇ ਹਮੇਸ਼ਾ ਆਪਣੇ ਅੰਤਹਕਰਰਨ ਦੇ ਅਨੁਸਾਰ ਜੀਵਨ ਬਤੀਤ ਕੀਤਾ। ਉਸ ਨੇ ਯਹੂਦੀ ਮਹਾਸਭਾ ਨੂੰ ਆਖਿਆ, "ਹੇ ਭਰਾਵੋ, ਮੈਂ ਅੱਜ ਤੀਕ ਪੂਰੀ ਨੇਕਨੀਅਤੀ ਨਾਲ ਪਰਮੇਸ਼ੁਰ ਦੇ ਅੱਗੇ ਚੱਲਦਾ ਰਿਹਾ ਹਾਂ" (ਰਸੂਲਾਂ 23:1)। ਉਸ ਨੇ ਰਾਜਾ ਅਗ੍ਰਿੱਪਾ ਨੂੰ ਆਖਿਆ, "ਮੈਂ ਤਾਂ ਆਪਣੇ ਚਿੱਤ ਵਿੱਚ ਇਹ ਸਮਝਿਆ ਭਈ ਯਿਸੂ ਨਾਸਰੀ ਦੇ ਨਾਮ ਦੇ ਵਿਰੁੱਧ ਮੈਨੂੰ ਬਹੁਤ ਕੁਝ ਕਰਨਾ ਚਾਹੀਦਾ ਹੈ" (ਰਸੂਲਾਂ 26:9)। ਜਦੋਂ ਉਸ ਨੇ ਤਿਮੋਥਿਉਸ ਨੂੰ ਲਿਖਿਆ ਤਾਂ ਆਖਿਆ ਕਿ "ਮੈਂ ਪਰਮੇਸ਼ੁਰ . . . ਦੀ . . . ਸ਼ੁੱਧ ਅੰਤਹਕਰਨ ਨਾਲ ਉਪਾਸਨਾ ਕਰਦਾ ਹਾਂ" (2 ਤਿਮੋਥਿਉਸ 1:3)।

ਹਾਲਾਂਕਿ ਪੌਲੁਸ ਦੇ ਅੰਤਹਕਰਨ ਨੇ ਹਮੇਸ਼ਾ ਉਸ ਦੇ ਕੰਮਾਂ ਨੂੰ ਪਰਵਾਨਗੀ ਦਿੱਤੀ, ਫਿਰ ਵੀ ਮਸੀਹੀ ਬਣਨ ਤੋਂ ਪਹਿਲਾਂ ਉਸ ਨੇ ਅਜਿਹੇ ਕਈ ਕੰਮ ਕੀਤੇ ਜਿਹੜੇ ਪਰਮੇਸ਼ਰ ਦੀ ਦ੍ਰਿਸ਼ਟੀ ਵਿੱਚ ਪਰਵਾਨਯੋਗ ਨਹੀਂ ਸਨ—ਜਿਸ ਵਿੱਚ ਯਿਸੂ ਦਾ ਵਿਰੋਧ ਕਰਨਾ, ਮਸੀਹੀਆਂ ਨੂੰ ਸਤਾਉਣਾ ਅਤੇ ਨਿਰਦੋਸ਼ ਲੋਕਾਂ ਦੀ ਹੱਤਿਆ ਵੀ ਸ਼ਾਮਲ ਹੈ। ਉਸ ਨੇ ਅਗ੍ਰਿੱਪਾ ਸਾਹਮਣੇ ਇਸ ਨੂੰ ਇਸ ਤਰ੍ਹਾਂ ਸਮਝਾਇਆ:

> . . . ਮੈਂ . . . ਬਹੁਤ ਸੰਤਾਂ ਨੂੰ ਕੈਦਖ਼ਾਨਿਆਂ ਵਿੱਚ ਬੰਦ ਕੀਤਾ ਅਤੇ ਜਾਂ ਓਹ ਮਾਰੇ ਜਾਂਦੇ ਸਨ ਤਾਂ ਮੈਂ ਉਨ੍ਹਾਂ ਦੇ ਵਿਰੁੱਧ ਹਾਮੀ ਭਰਦਾ ਸਾਂ। ਮੈਂ ਹਰੇਕ ਸਮਾਜ ਵਿੱਚ ਉਨ੍ਹਾਂ ਨੂੰ ਬਹੁਤ ਵਾਰੀ ਸਜ਼ਾ ਦੇ ਕੇ ਕੁਫ਼ਰ ਬਕਵਾਉਣ ਲਈ ਉਨ੍ਹਾਂ ਨੂੰ ਤੰਗ ਕੀਤਾ ਸਗੋਂ ਉਨ੍ਹਾਂ ਦੇ ਵਿਰੋਧ ਵਿੱਚ ਅੱਤ ਸੁਦਾਈ ਹੋ ਕੇ ਮੈਂ ਪਰਦੇਸ ਦੇ ਨਗਰਾਂ ਤੀਕ ਵੀ ਉਨ੍ਹਾਂ ਨੂੰ ਸਤਾਉਂਦਾ ਸਾਂ (ਰਸੂਲਾਂ 26:10, 11)।

ਉਸ ਨੇ ਤਿਮੋਥਿਉਸ ਨੂੰ ਆਖਿਆ ਕਿ "ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿੱਚ ਆਇਆ ਜਿਨ੍ਹਾਂ ਵਿੱਚੋਂ ਮਹਾਂ ਪਾਪੀ ਮੈਂ ਹਾਂ" (1 ਤਿਮੋਥਿਉਸ 1:15)।

1 ਕੁਰਿੰਥੀਆਂ 4:4 ਵਿੱਚ ਪੌਲੁਸ ਨੇ ਆਖਿਆ, "ਭਾਵੇਂ ਮੈਂ ਆਪਣੇ ਆਪ ਵਿੱਚ ਕੋਈ ਦੋਸ਼ ਨਹੀਂ ਵੇਖਦਾ ਤਾਂ ਵੀ ਇਸ ਤੋਂ ਮੈਂ ਨਿਰਦੋਸ਼ ਨਹੀਂ ਠਹਿਰਦਾ ਪਰ ਮੇਰੀ ਜਾਚ ਕਰਨ ਵਾਲਾ ਪ੍ਰਭੁ ਹੈ।" "ਮੈਂ . . . ਵੇਖਦਾ" ਸ਼ਬਦ "ਅੰਤਹਕਰਨ" ਦੇ ਯੂਨਾਨੀ ਸ਼ਬਦ ਦੇ ਕਿਰਿਆ ਰੂਪ ਦਾ ਅਨੁਵਾਦ ਹੈ। ਦਰਅਸਲ ਪੌਲੁਸ ਆਖ ਰਿਹਾ ਸੀ, "ਹਾਲਾਂਕਿ ਮੇਰਾ ਅੰਤਹਕਰਨ ਮੈਨੂੰ ਦੋਸ਼ ਨਹੀਂ ਦਿੰਦਾ, ਫਿਰ ਵੀ ਇਸ ਦਾ ਅਰਥ ਇਹ ਨਹੀਂ ਹੈ ਕਿ ਮੈਂ ਸਹੀ ਹਾਂ; ਕੇਵਲ ਪਰਮੇਸ਼ਰ ਹੀ ਫੈਸਲਾ ਲੈ ਸਕਦਾ ਹੈ ਕਿ ਮੈਂ ਸਹੀ ਹਾਂ ਜਾਂ ਨਹੀਂ।"

ਇਸ ਦੇ ਪ੍ਰਮਾਣਾਂ, ਕਿ ਧਰਮ ਵਿੱਚ ਅੰਤਹਕਰਨ ਇੱਕ ਸੁਰੱਖਿਅਤ ਮਾਰਗਦਰਸ਼ਕ ਨਹੀਂ ਹੈ, ਨੂੰ ਬਾਈਬਲ ਵਿੱਚੋਂ ਅਤੇ ਹਰੇਕ ਮਨੁੱਖ ਦੇ ਤਜਰਬੇ ਤੋਂ ਕਈ ਗੁਣਾਂ ਵਧਾਇਆ ਜਾ ਸਕਦਾ ਹੈ।

ਬਾਈਬਲ ਵਿੱਚ ਲੋਕ ਵਿਵੇਕਪੂਰਵਕ ਲਗਾਤਾਰ ਸਾਰੇ ਵਿਚਾਰਾਂ ਨੂੰ ਸਹੀ ਮੰਨਦੇ ਰਹੇ, ਜਦਕਿ ਉਹ ਨਹੀਂ ਸਨ। ਉਦਾਹਰਣ ਵਜੋਂ, ਜਦੋਂ ਯਾਕੂਬ ਨੇ ਲਹੂ ਨਾਲ ਲਿਬੜੇ ਯੂਸੁਫ਼ ਦੇ ਕਪੜੇ ਵੇਖੇ ਤਾਂ ਉਸ ਨੇ ਸੱਚੀ ਇਹ ਮੰਨ ਲਿਆ ਕਿ ਉਸ ਦੇ ਪੁੱਤਰ ਨੂੰ ਕਿਸੇ ਜੰਗਲੀ ਜਾਨਵਰ ਨੇ ਮਾਰ ਸੁੱਟਿਆ ਹੈ (ਉਤਪਤ 37:31–35)।

ਲੋਕ ਇਮਾਨਦਾਰੀ ਨਾਲ ਗਲਤ ਅਤੇ ਗੰਭੀਰ ਰੂਪ ਨਾਲ ਭਰਾਂਤ ਹੋ ਸਕਦੇ ਹਨ। "ਅਜਿਹਾ ਰਾਹ ਵੀ ਹੈ ਜੋ ਮਨੁੱਖ ਨੂੰ ਸਿੱਧਾ ਜਾਪਦਾ ਹੈ, ਪਰ ਉਹ ਦੇ ਅੰਤ ਵਿੱਚ ਮੌਤ ਦੇ ਰਾਹ ਹਨ" (ਕਹਾਉਤਾਂ 14:12; 16:25)। ਕਿਸੇ ਝੂਠ ਦੀ ਪਰਤੀਤ ਕਰਕੇ ਗੁਆਚ ਜਾਣਾ ਸੰਭਵ ਹੈ (2 ਥੱਸਲੁਨੀਕੀਆਂ 2:10–12)। ਕੇਵਲ ਸੱਚਾਈ ਹੀ ਲੋਕਾਂ ਨੂੰ ਅਜ਼ਾਦ ਕਰ ਸਕਦੀ ਹੈ (ਯੂਹੰਨਾ 8:32)।

ਇਕੱਲਾ ਅੰਤਹਕਰਨ ਜੀਵਨ ਦੇ ਕਿਸੇ ਵੀ ਖੇਤਰ ਵਿੱਚ ਮਾਰਗਦਰਸ਼ਕ ਵਜੋਂ ਕਾਫ਼ੀ ਨਹੀਂ ਹੈ:[85] ਇਹ ਯਾਤਰਾ ਲਈ ਅਜਿਹਾ ਮਾਰਗਦਰਸ਼ਕ ਨਹੀਂ ਹੈ ਜਿਹੜਾ ਕਦੇ ਗਲਤ ਨਹੀਂ ਹੋ ਸਕਦਾ; ਮੈਂ ਪੂਰੇ ਵਿਵੇਕਪੂਰਵਕ ਇਹ ਮੰਨਦਾ ਆ ਰਿਹਾ ਸਾਂ ਕਿ ਮੈਂ ਸਹੀ ਰਾਹ 'ਤੇ ਤੁਰਿਆ ਜਾ ਰਿਹਾ ਸਾਂ, ਜਦਕਿ ਅਸਲ ਵਿੱਚ ਮੈਂ ਆਪਣੀ ਮੰਜ਼ਿਲ ਤੋਂ ਦੂਰ ਹੀ ਦੂਰ ਜਾਈ ਜਾ ਰਿਹਾ ਸਾਂ। ਇਹ ਸਿਹਤ ਦੇ ਖੇਤਰ ਵਿੱਚ ਇੱਕ ਸੁਰੱਖਿਅਤ ਮਾਰਗਦਰਸ਼ਕ ਨਹੀਂ ਹੈ; ਡਾਕਟਰ ਆਪਣੇ ਮਰੀਜਾਂ ਦਾ ਕਿਸੇ ਖਾਸ ਰੋਗਾਂ ਲਈ ਵਿਵੇਕਪੂਰਵਕ ਇਲਾਜ ਕਰਦੇ ਆਏ ਹਨ, ਪਰ ਫਿਰ ਬਾਅਦ ਵਿੱਚ ਉਨ੍ਹਾਂ ਨੂੰ ਪਤਾ ਚੱਲਦਾ ਹੈ ਕਿ ਉਹ ਗਲਤ ਰੋਗ ਦਾ ਇਲਾਜ ਕਰਦੇ ਆ ਰਹੇ ਹਨ। ਇਹ ਕਾਰੋਬਾਰ ਵਿੱਚ ਵੀ ਮਾਰਗਦਰਸ਼ਕ ਵਜੋਂ ਕਾਫ਼ੀ ਨਹੀਂ ਹੈ; ਕਈ ਲੋਕ ਚੰਗੇ ਅੰਤਹਕਰਨ ਨਾਲ ਨਵੇਂ ਕਾਰੋਬਾਰ ਵਿੱਚ ਉੱਤਰੇ ਹਨ, ਪਰ ਫਿਰ ਉਸ ਵਿੱਚ ਆਪਣਾ ਸਭ ਕੁਝ ਗੁਆ ਬੈਠਦੇ ਹਨ। ਇਹ ਵਿਆਹੁਤਾ ਜੀਵਲ ਲਈ ਵੀ ਮਾਰਗਦਰਸ਼ਕ ਵਜੋਂ ਕਾਫ਼ੀ ਨਹੀਂ ਹੈ; ਜਿਹੜੇ ਲੋਕ ਇਮਾਨਦਾਰੀ ਨਾਲ ਇਹ ਮੰਨਦੇ ਰਹੇ ਕਿ ਉਹ ਆਪਣੇ ਜੀਵਨਸਾਥੀ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਨ੍ਹਾਂ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਹ ਤਾਂ ਉਨ੍ਹਾਂ ਨੂੰ ਜ਼ਰਾ ਵੀ ਨਹੀਂ ਜਾਣਦੇ ਸਨ। (ਯਾਕੂਬ ਵਿਵੇਕਪੂਰਵਕ ਮੰਨਦਾ ਰਿਹਾ ਕਿ ਉਹ ਰਾਖੇਲ ਨਾਲ ਵਿਆਹ ਕਰ ਰਿਹਾ ਹੈ ਜਦਕਿ ਅਸਲ ਵਿੱਚ ਉਸ ਦਾ ਵਿਆਹ ਰਾਖੇਲ ਦੀ ਭੈਣ ਲੇਆਹ ਨਾਲ ਹੋ ਰਿਹਾ ਸੀ [ਉਤਪਤ 29:21–30]!)

ਧਰਮ ਵਿੱਚ ਇਕੱਲਾ ਅੰਤਹਕਰਨ ਮਾਰਗਦਰਸ਼ਕ ਵਜੋਂ ਕਾਫ਼ੀ *ਕਿਉਂ* ਨਹੀਂ ਹੈ? ਇਸ ਦਾ ਮੁੱਢਲਾ ਕਾਰਨ ਇਹ ਹੈ ਕਿ ਅੰਤਹਕਰਨ ਉਸ ਨੂੰ ਮਿਲੇ *ਗਿਆਨ* ਦੁਆਰਾ ਸੀਮਿਤ ਹੋ ਜਾਂਦਾ ਹੈ।

ਹਰੇਕ ਵਿਅਕਤੀ ਦਾ ਜਨਮ ਇੱਕ ਅੰਤਹਕਰਨ ਦੇ ਨਾਲ ਹੁੰਦਾ ਹੈ। ਹਰੇਕ ਵਿਅਕਤੀ ਨੂੰ ਅੰਦਰੋਂ ਇਹ ਪਤਾ ਹੁੰਦਾ ਹੈ ਕਿ ਕਿਹੜੇ ਕੰਮ ਗਲਤ ਹਨ ਅਤੇ ਕਿਹੜੇ ਸਹੀ ਹਨ। ਇਸ ਤੋਂ ਇਲਾਵਾ ਜ਼ਿਆਦਾਤਰ ਲੋਕ ਜਾਣਦੇ ਹਨ ਕਿ ਕਿਹੜੇ ਕੰਮ ਗਲਤ ਹਨ ਅਤੇ ਕਿਹੜੇ ਕੰਮ ਸਹੀ ਹਨ। (ਉਦਾਹਰਣ ਵਜੋਂ, ਹਿਟਲਰ ਵੱਲੋਂ ਯਹੂਦੀਆਂ ਉੱਤੇ ਕੀਤੇ ਗਏ ਜ਼ੁਲਮਾਂ ਦੀ ਜ਼ਿਆਦਾਤਰ ਲੋਕ ਨਿਖੇਧੀ ਕਰਨਗੇ।)

ਪਰ ਫਿਰ ਵੀ ਇਨ੍ਹਾਂ ਮੁੱਢਲੇ ਮਸਲਿਆਂ ਤੋਂ ਅੱਗੇ ਕਿਸੇ ਵਿਅਕਤੀ ਦਾ ਅੰਤਹਕਰਨ ਕਿਸ ਕੰਮ ਨੂੰ ਸਹੀ ਆਖਦਾ ਹੈ ਅਤੇ ਕਿਸ ਨੂੰ ਗਲਤ, ਇਸ ਉੱਤੇ ਨਿਰਭਰ ਕਰਦਾ ਹੈ ਕਿ ਉਸ ਨੂੰ ਕੀ ਸਿਖਾਇਆ ਗਿਆ ਹੈ। ਕਈ ਲੋਕ ਮੂਰਤੀਆਂ ਨੂੰ ਪੂਜਦੇ ਹਨ, ਇੱਕ ਤੋਂ ਵਧ ਵਿਆਹ ਕਰਦੇ ਹਨ, ਜਾਂ ਗੁਲਾਮ ਰੱਖਦੇ ਹਨ; ਪਰ ਉਨ੍ਹਾਂ ਦਾ ਅੰਤਹਕਰਨ ਉਨ੍ਹਾਂ ਨੂੰ ਦੋਸ਼ੀ ਨਹੀਂ ਆਖਦਾ ਕਿਉਂਕਿ ਉਨ੍ਹਾਂ

ਨੂੰ ਇਸੇ ਤਰ੍ਹਾਂ ਸਿਖਾਇਆ ਗਿਆ ਹੈ। ਜਦੋਂ ਵੱਖ-ਵੱਖ ਵਿਰਸਿਆਂ ਦੇ ਲੋਕ ਮਿਲਦੇ ਹਨ ਤਾਂ ਅੰਤਹਕਰਨ ਦੇ ਟਾਕਰੇ ਹੁੰਦੇ ਹਨ। ਜਦੋਂ ਅੰਗ੍ਰੇਜ਼ਾਂ ਨੇ ਆਪਣੇ ਸਾਮਰਾਜ ਨੂੰ ਵਧਾਉਂਦਿਆਂ ਭਾਰਤ ਉੱਤੇ ਕਬਜਾ ਕੀਤਾ, ਤਾਂ ਉਨ੍ਹਾਂ ਨੂੰ ਲੱਗਾ ਕਿ ਕਈ ਪੁਰਾਤਨ ਰਿਵਾਜਾਂ ਨੂੰ ਖਤਮ ਕੀਤਾ ਜਾਣਾ ਲਾਜਮੀ ਹੈ। ਅਜਿਹਾ ਹੀ ਇੱਕ ਰਿਵਾਜ ਇਹ ਸੀ ਕਿ ਵਿਧਵਾ ਔਰਤ ਨੂੰ ਉਸ ਦੇ ਪਤੀ ਦੀ ਚਿਤਾ ਦੀ ਅੱਗ ਵਿੱਚ ਹੀ ਸਾੜ ਦਿੱਤਾ ਜਾਂਦਾ ਸੀ। ਅੰਗ੍ਰੇਜ਼ਾਂ ਨੇ ਇਸ ਰਿਵਾਜ ਉੱਤੇ ਰੋਕ ਲਗਾਉਣ ਦੇ ਹੁਕਮ ਜਾਰੀ ਕਰ ਦਿੱਤੇ। ਇੱਕ ਭਾਰਤੀ ਧਾਰਮਿਕ ਗੁਰੂ ਇੱਕ ਅੰਗ੍ਰੇਜ਼ ਅਫਸਰ ਕੋਲ ਆਇਆ ਅਤੇ ਆਖਿਆ: "ਸਾਡਾ ਅੰਤਹਕਰਨ ਆਖਦਾ ਹੈ ਕਿ ਵਿਧਵਾ ਨੂੰ ਸਾੜਿਆ ਜਾਣਾ ਚਾਹੀਦਾ ਹੈ।" ਅਫਸਰ ਨੇ ਜਵਾਬ ਦਿੱਤਾ, "ਅਤੇ ਸਾਡਾ ਅੰਤਹਕਰਨ ਆਖਦਾ ਹੈ ਕਿ ਜੇਕਰ ਤੁਸੀਂ ਅਜਿਹਾ ਕੀਤਾ ਤਾਂ ਅਸੀਂ ਤੁਹਾਨੂੰ ਫਾਂਸੀ ਚਾੜ ਦਿਆਂਗੇ!"

ਅੰਤਹਕਰਨ ਦੀ ਤੁਲਨਾ ਇੱਕ ਜੱਜ, ਗਵਾਹ, ਪੰਚਾਇਤ ਅਤੇ ਜਲਾਦ ਨੂੰ ਮਿਲਾ ਕੇ ਬਣੀ ਇੱਕ ਯੂਨਿਟ ਨਾਲ ਕੀਤੀ ਜਾ ਸਕਦੀ ਹੈ। ਪਰ ਕਨੂੰਨ ਬਣਾਉਣ ਦਾ ਕੰਮ ਨਾ ਤਾਂ ਜੱਜ ਦਾ ਹੈ, ਨਾ ਗਵਾਹ ਦਾ, ਨਾ ਪੰਚਾਇਤ ਦਾ ਅਤੇ ਨਾ ਹੀ ਜਲਾਦ ਦਾ। ਸਗੋਂ ਉਨ੍ਹਾਂ ਦਾ ਕੰਮ ਤਾਂ ਕਨੂੰਨ ਨੂੰ ਲਾਗੂ ਕਰਨਾ ਹੈ। ਉਸੇ ਤਰ੍ਹਾਂ ਅੰਤਹਕਰਨ ਇੱਕ ਵਿਧਾਨਕ ਵਿਭਾਗ ਨਹੀਂ ਸਗੋਂ ਇੱਕ ਅਦਾਲਤੀ ਅਤੇ ਪ੍ਰਬੰਧਕੀ ਵਿਭਾਗ ਹੈ। ਇਹ ਕੇਵਲ ਉਨ੍ਹਾਂ ਆਤਮਕ ਅਤੇ ਨੈਤਿਕ ਕਨੂੰਨਾਂ ਨੂੰ ਲਾਗੂ ਕਰ ਸਕਦਾ ਹੈ ਜਿਹੜੇ ਇਸ ਨੂੰ ਦਿੱਤੇ ਗਏ ਹਨ।

1 ਕੁਰਿੰਥੀਆਂ 8 ਤੋਂ ਲੈ ਕੇ 10 ਅਧਿਆਇ ਅਤੇ ਰੋਮੀਆਂ 14 ਤੇ 15 ਵਿੱਚ "ਤਕੜੇ" ਅਤੇ "ਨਿਤਾਣੇ/ਕੱਚੇ" ਅੰਤਹਕਰਨ ਦੀਆਂ ਪਰਿਭਾਸ਼ਾਵਾਂ ਉੱਤੇ ਗੌਰ ਕਰੋ। "ਤਕੜੇ" ਅੰਤਹਕਰਨ ਵਾਲਾ ਵਿਅਕਤੀ (15:1) ਉਹ ਸੀ ਜਿਸ ਕੋਲ ਮੂਰਤਾਂ ਅੱਗੇ ਚਾੜ੍ਹੇ ਗਏ ਮਾਸ ਨੂੰ ਖਾਣ ਬਾਰੇ ਸਹੀ *ਗਿਆਨ* ਸੀ:

> ਸੋ ਮੂਰਤੀਆਂ ਦੀਆਂ ਭੇਟਾਂ ਦੇ ਖਾਣ ਵਿਖੇ *ਅਸੀਂ ਜਾਣਦੇ ਹਾਂ* ਜੋ ਮੂਰਤੀ ਜਗਤ ਵਿੱਚ ਕੁਝ ਨਹੀਂ ਅਤੇ ਇੱਕ ਪਰਮੇਸ਼ੁਰ ਤੋਂ ਛੁੱਟ ਦੂਜਾ ਕੋਈ ਨਹੀਂ (1 ਕੁਰਿੰਥੀਆਂ 8:4; ਜ਼ੋਰ ਦਿੱਤਾ ਗਿਆਹੈ)।
>
> ਕਿਉਂਕਿ ਜੇ ਕੋਈ ਤੈਨੂੰ *ਜਿਹੜਾ ਇਲਮ ਰੱਖਦਾ ਹੈਂ* ਮੂਰਤੀ ਦੇ ਮੰਦਰ ਵਿੱਚ ਬੈਠਿਆਂ ਖਾਂਦਾ ਵੇਖੇ ਤਾਂ ਜੇ ਉਹ ਨਿਤਾਣਾ ਹੈ ਕੀ ਉਹ ਦਾ ਅੰਤਹਕਰਨ ਮੂਰਤੀਆਂ ਦੀ ਭੇਟਾਂ ਦੇ ਖਾਣ ਨੂੰ ਦਿਲੇਰ ਨਹੀਂ ਹੋਵੇਗਾ? *ਤੇਰੇ ਇਲਮ* ਦੇ ਕਾਰਨ ਉਹ ਜੋ ਨਿਤਾਣਾ ਹੈ ਨਾਸ ਹੁੰਦਾ ਅਰਥਾਤ ਉਹ ਭਾਈ ਜਿਹ ਦੇ ਲਈ ਮਸੀਹ ਮੋਇਆ (1 ਕੁਰਿੰਥੀਆਂ 8:10, 11; ਜ਼ੋਰ ਦਿੱਤਾ ਗਿਆ ਹੈ)।

ਦੂਜੇ ਪਾਸੇ, "ਨਿਤਾਣੇ" ਅੰਤਹਕਰਨ ਵਾਲੇ ਵਿਅਕਤੀ (15:1) ਕੋਲ ਇਹ ਗਿਆਨ ਨਹੀਂ ਸੀ: "ਪਰ *ਸਭਨਾਂ ਨੂੰ ਇਹ ਇਲਮ ਨਹੀਂ* ਸਗੋਂ ਕਈਕੁ ਜਿਹੜੇ ਹੁਣ ਤੀਕ ਮੂਰਤੀ ਨਾਲ ਗਿੱਝੇ ਹੋਏ ਹਨ ਉਹ ਨੂੰ ਮੂਰਤੀ ਦੀ ਭੇਟ ਦਾ ਮਾਸ ਕਰਕੇ ਖਾ ਲੈਂਦੇ ਹਨ ਅਤੇ ਉਨ੍ਹਾਂ ਦਾ ਅੰਤਹਕਰਨ *ਨਿਤਾਣਾ* ਹੋ ਕੇ ਮਲੀਨ ਹੋ ਜਾਂਦਾ ਹੈ" (1 ਕੁਰਿੰਥੀਆਂ 8:7; ਜ਼ੋਰ ਦਿੱਤਾ ਗਿਆ ਹੈ)।[86]

ਕਿਸੇ ਨੇ ਇਸ ਤਰ੍ਹਾਂ ਆਖਿਆ ਕਿ "ਕਿਸੇ ਵੀ ਵਿਅਕਤੀ ਦਾ ਅੰਤਹਕਰਨ ਉਸ ਵਿਅਕਤੀ ਦੇ ਸਭ ਤੋਂ ਉਤਲੇ ਦਰਜੇ ਦੇ ਗਿਆਨ ਦੇ ਨਾਲ ਆਪਣੇ ਆਪ ਨੂੰ ਜੋੜ ਲੈਂਦਾ ਹੈ।" ਕਾਰਜਕਾਰੀ ਸ਼ਬਦ

ਹੈ "ਗਿਆਨ।" ਪਰਿਪੱਕ ਗਿਆਨ (ਅਰਥਾਤ ਪਰਮੇਸ਼ਰ ਦੇ ਵਚਨ ਦਾ ਗਿਆਨ) ਕਿਸੇ ਵੀ ਵਿਅਕਤੀ ਨੂੰ ਭਲੇ ਅਤੇ ਬੁਰੇ ਵਿਚਕਾਰ ਅੰਤਰ ਕਰਨਾ ਸਿਖਾਉਂਦਾ ਹੈ (ਇਬਰਾਨੀਆਂ 5:13, 14)।

ਇਸ ਕਰਕੇ ਸਭ ਤੋਂ ਮਹੱਤਵਪੂਰਣ ਪ੍ਰਸ਼ਨ ਇਹ ਨਹੀਂ ਹੈ ਕਿ, "ਕੀ ਮੇਰਾ ਅੰਤਹਕਰਨ ਜੋ ਆਖਦਾ ਹੈ, ਕੀ ਉਹ ਸਹੀ ਹੈ?" ਸਗੋਂ ਇਹ ਹੈ ਕਿ "*ਪਰਮੇਸ਼ਰ ਦਾ ਵਚਨ* ਕਿਸ ਨੂੰ ਸਹੀ ਆਖਦਾ ਹੈ?" ਅਸੀਂ ਪੜ੍ਹਦੇ ਹਾਂ, "ਕਿਉਂਕਿ ਜੋ ਆਪਣੀ ਨੇਕ ਨਾਮੀ ਜਤਾਉਂਦਾ ਹੈ ਸੋ ਨਹੀਂ ਸਗੋਂ ਉਹ ਪਰਵਾਨ ਹੁੰਦਾ ਹੈ ਜਿਹ ਦੀ ਪ੍ਰਭੁ ਨੇਕ ਨਾਮੀ ਕਰਦਾ ਹੈ" (2 ਕੁਰਿੰਥੀਆਂ 10:18)।

ਕਿਸੇ ਨੇ ਬੜੀ ਸਮਝਦਾਰੀ ਨਾਲ ਆਖਿਆ ਹੈ ਕਿ "ਅੰਤਹਕਰਨ ਉੱਥੇ ਤੱਕ ਹੀ ਸੁਰੱਖਿਅਤ ਮਾਰਗਦਰਸ਼ਕ ਹੈ ਜਿੱਥੇ ਤੱਕ ਇਸ ਦਾ ਸੁਰੱਖਿਅਤ ਮਾਰਗਦਰਸ਼ਨ ਕੀਤਾ ਜਾਂਦਾ ਹੈ"—ਅਰਥਾਤ "ਪਰਮੇਸ਼ਰ ਦੇ ਵਚਨ ਦੀਆਂ ਸਿੱਖਿਆਵਾਂ ਨਾਲ ਸੁਰੱਖਿਅਤ ਮਾਰਗਦਰਸ਼ਨ।" ਸਵਾਲ ਇਹ ਨਹੀਂ ਹੈ ਕਿ "ਕੀ ਲੋਕ ਉਦੋਂ ਵਿਵੇਕੀ ਹੁੰਦੇ ਹਨ?" ਜਦੋਂ ਅਸੀਂ ਉਨ੍ਹਾਂ ਨੂੰ ਨਿੱਕੇ-ਨਿੱਕੇ ਬੱਚਿਆਂ ਨੂੰ "ਬਪਤਿਸਮਾ" ਦਿੰਦੇ ਵੇਖਦੇ ਹਾਂ, ਹਫਤੇ ਦੇ ਪਹਿਲੇ ਦਿਨ ਤੋਂ ਇਲਾਵਾ ਪ੍ਰਭੂ ਭੋਜ ਲੈਂਦਿਆਂ ਵੇਖਦੇ ਹਾਂ, ਜਾਂ ਅਰਾਧਨਾ ਵਿੱਚ ਸੰਗੀਤ ਵਜਾਉਂਦਿਆਂ ਵੇਖਦੇ ਹਾਂ। ਸਗੋਂ ਸਵਾਲ ਇਹ ਹੋਣਾ ਚਾਹੀਦਾ ਹੈ ਕਿ "*ਬਾਈਬਲ* ਇਨ੍ਹਾਂ ਵਿਸ਼ਿਆਂ ਬਾਰੇ ਕੀ ਆਖਦੀ ਹੈ?"

ਇਸ ਤਰ੍ਹਾਂ ਧਾਰਮਿਕ ਖੇਤਰ ਵਿੱਚ ਅੰਤਹਕਰਨ ਇੱਕ ਸੁਰੱਖਿਅਤ ਮਾਰਗਦਰਸ਼ਕ ਨਹੀਂ ਹੈ ਕਿਉਂਕਿ ਇਹ ਇਸ ਨੂੰ ਮਿਲੇ ਗਿਆਨ ਦੁਆਰਾ ਸੀਮਿਤ ਹੁੰਦਾ ਹੈ। ਇੱਕ ਦੂਜਾ ਕਾਰਨ ਵੀ ਹੈ ਕਿ ਅਸੀਂ ਆਪਣੇ ਸਹੀ ਮਾਰਗਦਰਸ਼ਨ ਲਈ ਆਪਣੇ ਅੰਤਹਕਰਨ ਉੱਤੇ ਹਮੇਸ਼ਾ ਨਿਰਭਰ ਕਿਉਂ ਨਹੀਂ ਰਹਿ ਸਕਦੇ: ਕੁਝ ਲੋਕਾਂ ਨੇ ਆਪਣੇ ਅੰਤਹਕਰਨ ਨਾਲ ਐਨਾ ਦੁਰਵਿਹਾਰ ਕੀਤਾ ਹੈ ਕਿ ਉਹ ਕਿਸੇ ਵੀ ਖੇਤਰ ਵਿੱਚ ਅਗਵਾਈ ਲਈ ਸੁਰੱਖਿਅਤ ਨਹੀਂ ਰਹੇ ਹਨ। ਅੰਤਹਕਰਨ ਦੇ ਮਜਬੂਤ ਰਹਿਣ ਲਈ ਇਸ ਦਾ ਸਹੀ ਅਭਿਆਸ ਲਾਜਮੀ ਹੈ (ਰਸੂਲਾਂ 24:16; KJV)।

ਜਦ ਲੋਕ ਅੰਤਹਕਰਨ ਨੂੰ ਅਣਦੇਖਾ ਕਰਦੇ ਹਨ, ਤਦ ਇਹ ਭਰਿਸ਼ਟ ਹੋ ਜਾਂਦਾ (ਤੀਤੁਸ 1:15) ਅਤੇ ਦਾਗਿਆ ਜਾਂਦਾ ਹੈ (1 ਤਿਮੋਥਿਉਸ 4:2)। ਭਰਿਸ਼ਟ ਅਤੇ ਦਾਗੇ ਹੋਏ ਅੰਤਹਕਰਨ ਦੀ ਤੁਲਨਾ ਉਸ ਗੰਦੀ ਖਿੜਕੀ ਨਾਲ ਕੀਤੀ ਜਾ ਸਕਦੀ ਹੈ ਜੋ ਆਪਣੇ ਮਕਸਦ ਨੂੰ ਪੂਰਾ ਨਹੀਂ ਕਰ ਸਕਦੀ। ਯਿਸੂ ਨੇ ਮੱਤੀ 6 ਵਿੱਚ ਅਜਿਹਾ ਹੀ ਇੱਕ ਉਦਾਹਰਣ ਪੇਸ਼ ਕੀਤਾ:

> ਸਰੀਰ ਦਾ ਦੀਵਾ ਅੱਖ ਹੈ, ਇਸ ਲਈ ਜੇ ਤੇਰੀ ਅੱਖ ਨਿਰਮਲ ਹੋਵੇ ਤਾਂ ਤੇਰਾ ਸਾਰਾ ਸਰੀਰ ਚਾਨਣਾ ਹੋਵੇਗਾ। ਪਰ ਜੇ ਤੇਰੀ ਅੱਖ ਬੁਰੀ ਹੋਵੇ ਤਾਂ ਤੇਰਾ ਸਾਰਾ ਸਰੀਰ ਅਨ੍ਹੇਰਾ ਹੋਵੇਗਾ। ਸੋ ਜੇ ਤੇਰੇ ਅੰਦਰ ਦਾ ਚਾਨਣ ਅਨ੍ਹੇਰਾ ਹੋਵੇ ਤਾਂ ਕਿੱਡਾ ਅਨ੍ਹੇਰਾ ਹੋਵੇਗਾ (ਮੱਤੀ 6:22, 23; NCV)।

ਯਿਸੂ ਨੇ "ਅੱਖ" ਸ਼ਬਦ ਦੀ ਵਰਤੋਂ ਆਤਮਕ ਗੱਲਾਂ ਨੂੰ ਪਰਖਣ ਦੀ ਕਾਬਲੀਅਤ ਵੱਲ ਇਸ਼ਾਰਾ ਕਰਨ ਲਈ ਕੀਤੀ। ਜੇਕਰ ਸਰੀਰਕ ਅੱਖ ਅੰਨ੍ਹੀ ਹੈ, ਤਾਂ ਸਾਰਾ ਸਰੀਰ ਹਨੇਰੇ ਨਾਲ ਭਰਿਆ ਹੈ। ਉਸੇ ਤਰ੍ਹਾਂ ਜਿਸ ਵਿਅਕਤੀ ਦੀ ਭਲੇ ਅਤੇ ਬੁਰੇ ਦੀ ਪਛਾਣ ਕਰਨ ਦੀ ਕਾਬਲੀਅਤ ਖਤਮ ਹੋ ਜਾਂਦੀ ਹੈ, ਉਹ ਆਤਮਕ ਹਨੇਰੇ ਵਿੱਚ ਚਲਿਆ ਜਾਂਦਾ ਹੈ।

ਗਲਤ ਜਾਣਕਾਰੀ ਅਤੇ ਗਲਤ ਇਸਤੇਮਾਲ ਦੇ ਕਾਰਨ ਅੰਤਹਕਰਨ ਦੀ ਫੈਸਲਾ ਲੈਣ ਦੀ ਕਾਬਲੀਅਤ ਵੀ ਉਲਟ-ਪੁਲਟ ਹੋ ਸਕਦੀ ਹੈ। ਯਸਾਯਾਹ ਨੇ ਉਨ੍ਹਾਂ ਲੋਕਾਂ ਬਾਰੇ ਗੱਲ ਕੀਤੀ "ਜਿਹੜੇ

ਅਨ੍ਹੇਰ ਨੂੰ ਚਾਨਣ ਦੇ ਥਾਂ, ਅਤੇ ਚਾਨਣ ਨੂੰ ਅਨ੍ਹੇਰ ਦੇ ਥਾਂ ਰੱਖਦੇ ਹਨ! ਜਿਹੜੇ ਕੌੜੇ ਨੂੰ ਮਿੱਠੇ ਦੇ ਥਾਂ, ਅਤੇ ਮਿੱਠੇ ਨੂੰ ਕੌੜੇ ਦੇ ਥਾਂ ਰੱਖਦੇ ਹਨ" (ਯਸਾਯਾਹ 5:20)। ਪੌਲੁਸ ਨੇ ਉਨ੍ਹਾਂ ਬਾਰੇ ਲਿਖਿਆ "ਜਿਨ੍ਹਾਂ ਦਾ ਘੁਮੰਡ ਆਪਣੀ ਸ਼ਰਮ ਉੱਤੇ ਹੈ" (ਫ਼ਿਲਿੱਪੀਆਂ 3:19)।

ਅੰਤਹਕਰਨ ਦੇ ਗਲਤ ਇਸਤੇਮਾਲ ਦੇ ਇਹ ਸੰਦਰਭ ਮੇਰੇ ਪ੍ਰਸ਼ਨ "ਕੀ ਤੁਹਾਨੂੰ ਆਪਣੇ ਅੰਤਹਕਰਨ ਨੂੰ ਆਪਣਾ ਮਾਰਗਦਰਸ਼ਕ ਬਣਨ ਦੇਣਾ ਚਾਹੀਦਾ ਹੈ?" ਦੇ ਦੂਜੇ ਉੱਤਰ ਦੀ ਜ਼ਰੂਰਤ ਵੱਲ ਇਸ਼ਾਰਾ ਕਰਦੇ ਹਨ:

*"ਹਾਂ": ਸਾਨੂੰ ਆਪਣੇ ਅੰਤਹਕਰਨ ਦੇ ਨਿਰਦੇਸ਼ਾਂ ਨੂੰ ਅਣਦੇਖਾ ਨਹੀਂ ਕਰਨਾ ਚਾਹੀਦਾ—ਖ਼ਾਸਤੌਰ 'ਤੇ ਫੈਸਲਾ ਲੈਣ ਵੇਲੇ।* ਇਹ ਵੇਖਣ ਤੋਂ ਬਾਅਦ ਕਿ ਧਾਰਮਿਕ ਮਸਲਿਆਂ ਵਿੱਚ ਇਕੱਲਾ ਅੰਤਹਕਰਨ ਇੱਕ ਸੁਰੱਖਿਅਤ ਮਾਰਗਦਰਸ਼ਕ ਨਹੀਂ ਹੈ, ਅਸੀਂ ਇਸ ਸਿੱਟੇ 'ਤੇ ਪੁੱਜ ਸਕਦੇ ਹਾਂ ਕਿ ਅੰਤਹਕਰਨ ਮਹੱਤਵਪੂਰਣ ਨਹੀਂ ਹੈ; ਪਰ ਇਹ ਗੱਲ ਸੱਚਾਈ ਤੋਂ ਬਹੁਤ ਦੂਰ ਹੈ। ਰੋਮੀਆਂ ਵਿੱਚ ਪੌਲੁਸ ਨੇ ਸਾਫ-ਸਾਫ ਸ਼ਬਦਾਂ ਵਿੱਚ ਆਖਿਆ ਕਿ ਜਦੋਂ ਅਸੀਂ ਆਪਣੇ ਅੰਤਹਕਰਨ ਦੇ ਵਿਰੁੱਧ ਜਾਂਦੇ ਹਾਂ ਤਾਂ ਅਸੀਂ ਪਾਪ ਕਰਦੇ ਹਾਂ:

> ਮੈਂ ਜਾਣਦਾ ਹਾਂ ਅਤੇ ਪ੍ਰਭੁ ਯਿਸੂ ਤੋਂ ਮੈਨੂੰ ਨਿਹਚਾ ਹੋਈ ਹੈ ਭਈ ਕੋਈ ਵਸਤ ਆਪ ਤੋਂ ਆਪ ਅਸ਼ੁੱਧ ਨਹੀਂ ਪਰ ਜਿਹੜਾ ਕਿਸੇ ਵਸਤ ਨੂੰ ਅਸ਼ੁੱਧ ਮੰਨਦਾ ਹੈ ਉਹ ਉਸ ਦੇ ਲਈ ਅਸ਼ੁੱਧ ਹੈ (14:14)।
>
> ਪਰ ਜਿਹੜਾ ਭਰਮ ਕਰਦਾ ਹੈ ਜੇ ਉਹ ਖਾਵੇ ਤਾਂ ਦੋਸ਼ੀ ਹੋਇਆ ਇਸ ਲਈ ਜੋ ਨਿਹਚਾ ਕਰਕੇ ਨਹੀਂ ਖਾਂਦਾ ਹੈ ਅਤੇ ਜੋ ਕੁਝ ਨਿਹਚਾ ਥੀਂ ਨਹੀਂ ਹੁੰਦਾ ਹੈ ਸੋ ਪਾਪ ਹੈ (14:23)।

ਇੱਥੇ ਵਰਤਿਆ ਗਿਆ ਸ਼ਬਦ "ਨਿਹਚਾ" ਉਸ ਪਰਤੀਤ ਵੱਲ ਇਸ਼ਾਰਾ ਨਹੀਂ ਕਰਦਾ ਜਿਹੜਾ ਪਰਮੇਸ਼ਰ ਦੇ ਵਚਨ ਨੂੰ ਸੁਣਨ ਤੋਂ ਆਉਂਦੀ ਹੈ (10:17), ਸਗੋਂ ਉਸ ਵੱਲ ਕਿ ਕੋਈ ਵਿਅਕਤੀ ਕਿਸੇ ਚੀਜ ਨੂੰ ਸਹੀ *ਮੰਨਦਾ* ਜਾਂ ਗਲਤ, ਕਿਸੇ ਵਿਅਕਤੀ ਦੀ ਮਾਨਤਾ ਕੀ ਹੈ। ਜੇਕਰ ਕੋਈ ਵਿਅਕਤੀ ਆਪਣੀ ਸਹੀ ਜਾਂ ਗਲਤ ਦੀ ਮਾਨਤਾ ਦੇ ਵਿਰੁੱਧ ਕੰਮ ਕਰਦਾ ਹੈ (ਕਹਿਣ ਦਾ ਭਾਵ ਹੈ, ਆਪਣੇ ਅੰਤਹਕਰਨ ਦੇ ਵਿਰੁੱਧ ਜਾਂਦਾ ਹੈ), ਤਾਂ ਪੌਲੁਸ ਆਖਦਾ ਹੈ ਕਿ ਉਹ ਵਿਅਕਤੀ ਪਾਪ ਕਰਦਾ ਹੈ ਅਤੇ ਦੋਸ਼ੀ ਠਹਿਰਦਾ ਹੈ।[87]

ਅੰਤਹਕਰਨ ਦੇ ਵਿਰੁੱਧ ਜਾਣਾ ਪਾਪ ਕਿਉਂ ਹੁੰਦਾ ਹੈ? ਕਿਉਂਕਿ ਜਿੰਨੀ ਵਾਰ ਵੀ ਕੋਈ ਵਿਅਕਤੀ ਆਪਣੇ ਅੰਤਹਕਰਨ ਦੇ ਵਿਰੁੱਧ ਜਾਂਦਾ ਹੈ, ਉਹ ਉਸ ਦੇ ਪ੍ਰਭਾਵ ਨੂੰ ਘਟਾਉਂਦਾ ਜਾਂਦਾ ਹੈ। ਉਹ ਪਰਮੇਸ਼ਰ ਦੇ ਦਿੱਤੇ ਹੋਏ ਸੁਰੱਖਿਆ ਕਵਚ ਨੂੰ ਨਾਸ ਕਰ ਦਿੰਦਾ ਹੈ। ਅੰਤਹਕਰਨ ਦੀ ਤੁਲਨਾ ਸਾਡੀ ਤੰਤੂ ਪ੍ਰਣਾਲੀ ਨਾਲ ਕੀਤੀ ਜਾ ਸਕਦੀ ਹੈ। ਜੇਕਰ ਮੈਂ ਅੱਗ ਤੋਂ ਦੂਰ ਰਹਿਣ ਦੀ ਆਪਣੀ ਤੰਤੂ ਪ੍ਰਣਾਲੀ ਦੀ ਚਿਤਾਉਣੀ ਨੂੰ ਅਣਦੇਖਾ ਕਰਦਾ ਰਿਹਾ ਤਾਂ ਮੇਰੀ ਤੰਤੂ ਪ੍ਰਣਾਲੀ ਦੇ (ਅਤੇ ਉਸ ਦੇ ਨਾਲ-ਨਾਲ ਮੇਰੇ ਵੀ) ਸੜ ਕੇ ਸੁਆਹ ਹੋ ਜਾਣ ਵਿੱਚ ਜ਼ਿਆਦਾ ਦੇਰ ਨਹੀਂ ਲੱਗੇਗੀ।

ਇੱਕ ਛੋਟੀ ਬੱਚੀ ਨੇ ਅੰਤਹਕਰਨ ਦੀ ਤੁਲਨਾ ਸਾਡੇ ਅੰਦਰ ਘੁੰਮਣ ਵਾਲੇ ਇੱਕ ਪਹੀਏ ਨਾਲ ਕੀਤੀ ਜਿਸ ਦੇ ਕਿਨਾਰੇ 'ਤੇ ਤਿੱਖੇ ਤੀਰ ਬਣੇ ਹੋਏ ਹਨ। ਉਸ ਨੇ ਆਖਿਆ, "ਜਦੋਂ ਅਸੀਂ ਉਹ ਕਰਦੇ ਹਾਂ ਜੋ ਸਾਨੂੰ ਨਹੀਂ ਕਰਨਾ ਚਾਹੀਦਾ, ਉਦੋਂ ਇਹ ਤਿੱਖੇ ਤੀਰ ਸਾਨੂੰ ਚੁੱਭਦੇ ਹਨ!" ਫਿਰ ਉਸ ਨੇ ਅੱਗੇ

ਆਖਿਆ, “ਪਰ ਜੇਕਰ ਅਸੀਂ ਲਗਾਤਾਰ ਉਹ ਕਰਦੇ ਰਹੀਏ ਜੋ ਸਾਨੂੰ ਨਹੀਂ ਕਰਨਾ ਚਾਹੀਦਾ ਤਾਂ ਇਹ ਤਿੱਖੇ ਤੀਰ ਸਾਹਮਣਿਓਂ ਘਿਸ ਜਾਂਦੇ ਹਨ ਅਤੇ ਜ਼ਿਆਦਾ ਨਹੀਂ ਚੁੱਭਦੇ।” ਅਸੀਂ ਇਸ ਵਿੱਚ ਇਹ ਜੋੜ ਸਕਦੇ ਹਾਂ: “ਅਤੇ ਫਿਰ ਜੇਕਰ ਅਸੀਂ ਹੋਰ ਵੀ ਜ਼ਿਆਦਾ ਉਹ ਕਰੀ ਜਾਈਏ ਜੋ ਸਾਨੂੰ ਨਹੀਂ ਕਰਨਾ ਚਾਹੀਦਾ, ਤਾਂ ਫਿਰ ਆਖਿਰਕਾਰ ਇਹ ਤਿੱਖੇ ਤੀਰ ਪੂਰੀ ਤਰ੍ਹਾਂ ਘਿਸ ਜਾਣਗੇ ਅਤੇ ਫਿਰ ਜ਼ਰਾ ਜਿਹਾ ਵੀ ਨਹੀਂ ਚੁੱਭਣਗੇ।”

ਇੱਕ ਵਾਰ ਮੈਂ ਇੱਕ ਕਹਾਣੀ ਪੜ੍ਹੀ ਜਿਹੜੀ ਅੰਤਹਕਰਨ ਨੂੰ ਅਣਦੇਖਾ ਕਰਨ ਦੇ ਖਤਰੇ ਦਾ ਬਹੁਤ ਵਧੀਆ ਉਦਾਹਰਣ ਦਿੰਦੀ ਹੈ। ਸਕਾਟਲੈਂਡ ਦੇ ਇੱਕ ਖਤਰਨਾਕ ਸਮੁੰਦਰੀ ਕੰਢੇ ’ਤੇ ਪਾਣੀ ’ਤੇ ਤੈਰਨ ਵਾਲਾ ਇੱਕ ਜੰਤਰ ਲਗਾਇਆ ਗਿਆ ਜਿਸ ਉੱਤੇ ਇੱਕ ਵੱਡਾ ਸਾਰਾ ਘੰਟਾ ਲੱਗਾ ਸੀ, ਜੋ ਸਮੁੰਦਰੀ ਤੁਫਾਨ ਦੇ ਸਮੇਂ ਜਹਾਜ਼ਾਂ ਨੂੰ ਚਿਤਾਉਣੀ ਦਿੰਦਾ ਸੀ। ਇੱਕ ਸਮੁੰਦਰੀ ਜਹਾਜ਼ ਦਾ ਕਪਤਾਨ ਉਸ ਇਲਾਕੇ ਦੇ ਵਸਨੀਕਾਂ ਉੱਤੇ ਬਹੁਤ ਕ੍ਰੋਧਿਤ ਹੋ ਗਿਆ। ਆਪਣੇ ਕ੍ਰੋਧ ਅਤੇ ਨਸ਼ੇ ਵਿੱਚ ਅੰਨ੍ਹੇ ਹੋਏ ਇਸ ਕਪਤਾਨ ਨੇ ਉਨ੍ਹਾਂ ਲੋਕਾਂ ਤੋਂ ਬਦਲਾ ਲੈਣ ਲਈ ਉਸ ਜੰਤਰ ਤੋਂ ਘੰਟੇ ਨੂੰ ਵੱਢ ਸੁੱਟਿਆ। ਬਾਅਦ ਵਿੱਚ ਉਸੇ ਕਪਤਾਨ ਦਾ ਜਹਾਜ਼ ਉਸੇ ਕਿਨਾਰੇ ਦੇ ਕੋਲ ਇੱਕ ਸਮੁੰਦਰੀ ਤੁਫਾਨ ਵਿੱਚ ਫੱਸ ਗਿਆ। ਉਹ ਚਟਾਨਾਂ ਤੋਂ ਬਚਣ ਲਈ ਘੰਟੇ ਦੀ ਅਵਾਜ਼ ਸੁਣਨ ਦਾ ਜਤਨ ਕਰਨ ਲੱਗਾ, ਜੋ ਉਸ ਨੂੰ ਖਤਰੇ ਤੋਂ ਸੁਰੱਖਿਅਤ ਰੱਖਦੀ ਸੀ, ਪਰ ਉਸ ਨੂੰ ਕੋਈ ਅਵਾਜ਼ ਨਾ ਆਈ। ਉਸ ਦੀ ਮੂਰਖਤਾ ਦੇ ਕਾਰਨ ਉਸ ਦੇ ਨਾਲ-ਨਾਲ ਬਾਕੀ ਦੇ ਸਾਰੇ ਲੋਕ ਵੀ ਮਾਰੇ ਗਏ। ਇਸ ਕਹਾਣੀ ਦਾ ਅੰਤ ਇਸ ਸਿੱਖਿਆ ਦੇ ਨਾਲ ਹੋਇਆ: ਜੇਕਰ ਕੋਈ ਵਿਅਕਤੀ ਆਪਣੇ ਅੰਤਹਕਰਨ ਦੀ ਅਵਾਜ਼ ਨੂੰ ਦਬਾਉਂਦਾ ਹੈ, ਤਾਂ ਲੋੜ ਪੈਣ ਵੇਲੇ ਉਹ ਅਵਾਜ਼ ਨਹੀਂ ਸੁਣਾਈ ਦੇਵੇਗੀ।

ਪੌਲੁਸ ਨੇ 1 ਤਿਮੋਥਿਉਸ 1:19 ਵਿੱਚ ਇੱਕ ਵੱਖਰੇ ਸਮੁੰਦਰੀ ਉਦਾਹਰਣ ਦੀ ਵਰਤੋਂ ਕੀਤੀ: “ਨਿਹਚਾ ਅਤੇ ਸ਼ੁੱਧ ਅੰਤਹਕਰਨ ਨੂੰ ਤਕੜਿਆਂ ਰੱਖੀਂ ਜਿਹ ਨੂੰ ਕਈਆਂ ਨੇ ਛੱਡ ਕੇ ਨਿਹਚਾ ਦੀ ਬੇੜੀ ਡੋਬ ਦਿੱਤੀ।” ਇੱਕ “ਛੱਡੇ ਹੋਏ” ਅੰਤਹਕਰਨ ਦੀ ਤੁਲਨਾ ਜਹਾਜ਼ ਦੇ ਦਿਸ਼ਾਸੂਚਕ ਨਾਲ ਕੀਤੀ ਜੀ ਸਕਦੀ ਹੈ, ਜਿਹੜਾ ਹੁਣ ਸਟੀਕ ਨਹੀਂ ਰਿਹਾ ਹੈ ਅਤੇ, ਇਸ ਕਰਕੇ, ਜਹਾਜ਼ ਨੂੰ ਡੋਬ ਸਕਦਾ ਹੈ।

ਬਾਈਬਲ ਸਾਨੂੰ ਵੱਖ-ਵੱਖ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਕਰਕੇ ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ ਜਿਸ ਅੰਤਹਕਰਨ ਨੂੰ ਬਾਰ-ਬਾਰ ਅਣਦੇਖਾ ਕੀਤਾ ਜਾਂਦਾ ਹੈ, ਉਸ ਨਾਲ ਕੀ ਕੁਝ ਹੁੰਦਾ ਹੈ। ਜਿਸ ਅੰਤਹਕਰਨ ਨੂੰ ਅਣਦੇਖਾ ਕੀਤਾ ਜਾਂਦਾ ਹੈ, ਉਹ ਤੱਤੇ ਲੋਹੇ ਨਾਲ ਦਾਗੀਆਂ ਗਈਆਂ ਨਾੜਾਂ ਵਰਗਾਂ ਹੋ ਜਾਂਦਾ ਹੈ ਜਿਹੜੀਆਂ ਕਿਸੇ ਕੰਮ ਦੀਆਂ ਨਹੀਂ ਰਹਿ ਜਾਂਦੀਆਂ (1 ਤਿਮੋਥਿਉਸ 4:2)। ਪਰ ਮੇਰੇ ਲਈ ਸਭ ਤੋਂ ਹੈਰਾਨੀਜਨਕ ਤੁਲਨਾ ਉਹ ਹੈ ਜਿਸ ਦਾ ਉਦਾਹਰਣ ਯਿਸੂ ਨੇ ਮੱਤੀ 6:22, 23 ਵਿੱਚ ਦਿੱਤਾ, ਜਦੋਂ ਉਸ ਨੇ ਅੱਖ ਦੇ ਹਨੇਰੇ ਹੋਣ ਦੀ ਗੱਲ ਕੀਤੀ। ਕੀ ਹੁੰਦਾ ਜੇਕਰ ਸਾਨੂੰ ਇਹ ਪਤਾ ਚੱਲਦਾ ਕਿ ਜਿੰਨੀ ਵਾਰੀ ਅਸੀਂ ਪਾਪ ਕਰਾਂਗੇ, ਓਨੀ ਵਾਰੀ ਸਾਡੀ ਥੋੜੀ-ਥੋੜੀ ਨਿਗਾਹ ਜਾਂਦੀ ਰਹੇਗੀ? ਕੀ ਇਸ ਤੋਂ ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਇਹ ਉਤਸ਼ਾਹ ਨਾ ਮਿਲਦਾ ਕਿ ਅਸੀਂ ਪਾਪ ਨਾ ਕਰੀਏ? ਯਿਸੂ ਸਾਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਭਾਵੇਂ ਅਸੀਂ ਆਪਣੇ ਅੰਤਹਕਰਨ ਦੇ ਵਿਰੁੱਧ ਜਾ ਕੇ ਆਪਣੀ ਸਰੀਰਕ ਨਿਗਾਹ ਨਹੀਂ ਗੁਆ ਬੈਠਦੇ, ਪਰ ਅਸੀਂ ਆਪਣੀ ਆਤਮਕ ਨਿਗਾਹ ਜ਼ਰੂਰ ਗੁਆ ਬੈਠਦੇ ਹਾਂ। ਇਹ ਤਾਂ ਸਾਡੇ ਲਈ ਪਾਪ ਨਾ ਕਰਨ ਦੇ ਵਿਰੁੱਧ ਹੋਰ ਵੀ ਵਧੇਰੇ

ਤਕੜੀ ਚਿਤਾਉਣੀ ਹੋਣੀ ਚਾਹੀਦੀ ਹੈ।

ਬਾਈਬਲ ਵਿੱਚ ਅਜਿਹੇ ਲੋਕਾਂ ਦੇ ਅਣਗਿਣਤ ਉਦਾਹਰਣ ਦਿੱਤੇ ਗਏ ਹਨ ਜੋ ਆਪਣੇ ਅੰਤਹਕਰਨ ਦੇ ਵਿਰੁੱਧ ਗਏ ਅਤੇ ਇਸ ਤਰ੍ਹਾਂ ਉਸ ਦੀ ਅਵਾਜ਼ ਨੂੰ ਦੱਬ ਦਿੱਤਾ। ਮੈਂ ਰਾਜਾ ਸ਼ਾਊਲ ਬਾਰੇ ਸੋਚਦਾ ਹਾਂ, ਜਿਸ ਨੇ ਬੜੇ ਵੱਡੇ ਵਾਇਦੇ ਦੇ ਨਾਲ ਆਪਣਾ ਸ਼ਾਸਨ ਸ਼ੁਰੂ ਕੀਤਾ, ਪਰ ਫਿਰ ਤਾਕਤ ਦੇ ਲਾਲਚ ਦਾ ਸ਼ਿਕਾਰ ਹੋ ਬੈਠਾ। ਅੰਤ ਵਿੱਚ ਉਸ ਦਾ ਮਨ ਅਤੇ ਹਿਰਦਾ ਐਨੇ ਕਠੋਰ ਹੋ ਗਏ ਕਿ ਪਰਮੇਸ਼ਰ ਨੇ ਆਪਣਾ ਆਤਮਾ ਉਸ ਤੋਂ ਲੈ ਲਿਆ (1 ਸਮੂਏਲ 16:14)।

ਸਭ ਤੋਂ ਹੈਰਾਨੀਜਨਕ ਉਦਾਹਰਣ ਸ਼ਾਊਲ ਦੇ ਉੱਤਰਾਧਿਕਾਰੀ ਦਾਊਦ ਦਾ ਹੈ। ਆਮਤੌਰ ’ਤੇ ਉਹ ਇੱਕ ਕੋਮਲ ਅੰਤਹਕਰਨ ਵਾਲਾ ਵਿਅਕਤੀ ਤੀ, ਪਰ ਉਹ ਆਪਣੇ ਪਾਪ ਦੇ ਉੱਤੇ ਪਾਪ ਜੋੜਦਾ ਗਿਆ ਅਤੇ ਕਈ ਹਫਤਿਆਂ ਤੱਕ ਆਪਣੇ ਅੰਤਹਕਰਨ ਦਾ ਗਲਾ ਘੋਟਦਾ ਰਿਹਾ। ਜੇਕਰ ਉਸ ਦੇ ਅੰਤਹਕਰਨ ਨੂੰ ਜਗਾਉਣ ਵਾਲਾ ਉਸ ਦਾ ਦੋਸਤ ਨਾ ਹੁੰਦਾ (2 ਸਮੂਏਲ 12:1–14), ਤਾਂ ਉਹ ਹਮੇਸ਼ਾ ਦੇ ਲਈ ਖਤਮ ਹੋ ਗਿਆ ਹੁੰਦਾ।

ਜੇਕਰ ਅੰਤਹਕਰਨ ਨੂੰ ਗਲਤ ਸਿੱਖਿਆ ਦਿੱਤੀ ਗਈ ਹੈ, ਤਾਂ ਇਸ ਨੂੰ ਦੁਬਾਰਾ ਤੋਂ ਸਹੀ ਸਿੱਖਿਆ ਦੇਣਾ ਲਾਜਮੀ ਹੈ। ਤਦ ਤੱਕ—ਜਦ ਤੱਕ ਇਸ ਨੂੰ ਸਹੀ ਸਿੱਖਿਆ ਨਹੀਂ ਮਿਲ *ਜਾਂਦੀ*—ਅਸੀਂ ਇਸ ਦੇ ਇਸ਼ਾਰਿਆਂ ਨੂੰ ਅਣਦੇਖਾ ਨਾ ਕਰੀਏ। ਉਦਾਹਰਣ ਦੇ ਲਈ, ਆਓ ਅਸੀਂ ਕਲਪਨਾ ਕਰੀਏ ਕਿ ਕਿਸੇ ਵਿਅਕਤੀ ਨੂੰ ਜੀਵਨਭਰ ਇਹ ਸਿਖਾਇਆ ਗਿਆ ਹੈ ਕਿ ਪਰਮੇਸ਼ਰ ਚਾਹੁੰਦਾ ਹੈ ਭਈ ਕੁਝ ਖਾਸ ਹਾਲਾਤਾਂ ਵਿੱਚ ਉਹ ਮੀਟ ਨਾ ਖਾਵੇ। ਬਾਈਬਲ ਸਿਖਾਉਂਦੀ ਹੈ ਕਿ ਜੇਕਰ ਕੋਈ ਵਿਅਕਤੀ ਮੀਟ ਖਾਣਾ ਚਾਹੁੰਦਾ ਹੈ ਤਾਂ ਇਹ ਗਲਤ ਨਹੀਂ ਹੈ (1 ਤਿਮੋਥਿਉਸ 4:1–5)। ਪਰ ਜਦ ਤੱਕ ਉਹ ਵਿਅਕਤੀ ਬਾਈਬਲ ਦੇ ਸਿਧਾਂਤਾ ਨੂੰ ਸਿੱਖ ਨਹੀਂ ਲੈਂਦਾ, ਤਦ ਤੱਕ ਉਹ ਮੀਟ ਤੋਂ ਉਵੇਂ ਹੀ ਦੂਰ ਰਹੇ ਜਿਵੇਂ ਉਹ ਹੁਣ ਤੱਕ ਕਰਦਾ ਆਇਆ ਹੈ। ਇਸ ਸਿਧਾਂਤ ਦੀ ਤੁਲਨਾ ਉਸ ਪੁਲ ਨੂੰ ਪਾਰ ਕਰਨ ਦੇ ਨਾਲ ਵੀ ਕੀਤੀ ਜਾ ਸਕਦੀ ਹੈ ਜਿਹੜਾ ਅਸੁਰੱਖਿਅਤ ਹੈ। ਜਦ ਤੱਕ ਅਸੀਂ ਇਹ ਮੰਨਦੇ ਰਹਿੰਦੇ ਹਾਂ ਕਿ ਪੁਲ ਅਸੁਰੱਖਿਅਤ ਹੈ, ਤਦ ਤੱਕ ਸਾਨੂੰ ਉਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪਰ ਜਦ ਅਸੀਂ ਆਖਿਰਕਾਰ ਇਹ ਮੰਨ ਲੈਂਦੇ ਹਾਂ ਕਿ ਪੁਲ ਸਾਡੇ ਭਾਰ ਨੂੰ ਸਹਿ ਸਕਦਾ ਹੈ, ਤਦ ਅਸੀਂ ਇਸ ਦੀ ਵਰਤੋਂ ਕਰਕੇ ਪਾਰ ਜਾ ਸਕਦੇ ਹਾਂ—ਪਰ ਉਸ ਤੋਂ ਪਹਿਲਾਂ ਨਹੀਂ।

ਅੰਤਹਕਰਨ ਨੂੰ ਦੁਬਾਰਾ ਤੋਂ ਸਹੀ ਸਿੱਖਿਆ ਦੇਣ ਦੀ ਪ੍ਰਕਿਰਿਆ ਲਗਾਤਾਰ ਚੱਲਦੇ ਰਹਿਣ ਵਾਲੀ ਪ੍ਰਕਿਰਿਆ ਹੈ। ਅਸੀਂ ਇਸ ਨੂੰ ਕਿਵੇਂ ਕਰਦੇ ਹਾਂ? ਪਹਿਲਾ, ਅਸੀਂ ਗੰਭੀਰਤਾ ਨਾਲ ਅਤੇ ਨਿੱਤਨੇਮ ਨਾਲ ਬਾਈਬਲ ਪੜ੍ਹੀਏ, ਆਪਣੇ ਜੀਵਨ ਲਈ ਪਰਮੇਸ਼ਰ ਦੀ ਇੱਛਾ ਦੀ ਬੇਹਤਰ ਸਮਝ ਪ੍ਰਾਪਤ ਕਰਨ ਦਾ ਜਤਨ ਕਰਦੇ ਰਹੀਏ। ਦੂਜਾ, ਸਾਡੇ ਮਨ ਖੁਲ੍ਹੇ ਹੋਣ ਜਿਹੜੇ ਪਰਮੇਸ਼ਰ ਦੇ ਵਚਨ ਦੀ ਰੋਸ਼ਨੀ ਵਿੱਚ ਸਾਡੀਆਂ ਮਾਨਤਾਵਾਂ ਨੂੰ ਜਾਂਚਣ ਤੋਂ ਨਾ ਡਰਨ।

ਜਦ ਤੱਕ ਅਸੀਂ ਪਵਿੱਤਰ ਸ਼ਾਸਤਰ ਦੇ ਅਧਾਰ ’ਤੇ ਇਹ ਨਾ ਮੰਨ ਲਈਏ ਕਿ ਲੰਮੇ ਸਮੇਂ ਤੋਂ ਚੱਲੀ ਆ ਰਹੀ ਸਾਡੀ ਕੋਈ ਮਾਨਤਾ ਗਲਤ ਹੈ, ਤਦ ਤੱਕ ਅਸੀਂ ਉਹ ਕਰਦੇ ਰਹੀਏ ਜੋ ਸਾਡਾ ਅੰਤਹਕਰਨ ਸਾਨੂੰ ਕਰਨ ਲਈ ਆਖਦਾ ਹੈ। ਜਦੋਂ ਉੱਘੇ ਸੁਧਾਰਕ, ਮਾਰਟਿਨ ਲੂਥਰ ਉੱਤੇ ਮੁਕੱਦਮਾ ਚਲਾਇਆ ਜਾ ਰਿਹਾ ਸੀ, ਤਾਂ ਉਸ ਨੇ ਇਹ ਪ੍ਰਸਿਧ ਗੱਲ ਆਖੀ:

> ਜਦ ਤੱਕ ਮੈਨੂੰ ਪਵਿੱਤਰ ਸ਼ਾਸਤਰ ਅਤੇ ਸਿੱਧੇ-ਸਿੱਧੇ ਤਰਕ ਰਾਹੀਂ ਗਲਤ ਪ੍ਰਮਾਣਿਤ ਨਹੀਂ

ਕੀਤਾ ਜਾਂਦਾ—ਤਦ ਤੱਕ ਮੈਂ ਪੋਪ ਅਤੇ ਕੌਂਸਲ ਦੇ ਅਧਿਕਾਰ ਨੂੰ ਨਹੀਂ ਮੰਨਦਾ, ਕਿਉਂਕਿ ਇਹ ਆਪਸ ਵਿੱਚ ਇਕ-ਦੂਜੇ ਦੇ ਵਿਰੋਧੀ ਰਹੇ ਹਨ—ਮੇਰਾ ਅੰਤਹਕਰਨ ਪਰਮੇਸ਼ਰ ਦੇ ਵਚਨ ਦਾ ਕੈਦੀ ਹੈ। ਮੈਂ ਆਪਣਾ ਕੋਈ ਵੀ ਸ਼ਬਦ ਨਾ ਤਾਂ ਵਾਪਿਸ ਲੈ ਸਕਦਾ ਹਾਂ ਅਤੇ ਨਾ ਹੀ ਲਵਾਂਗਾ, ਕਿਉਂਕਿ ਅੰਤਹਕਰਨ ਦੇ ਵਿਰੁੱਧ ਜਾਣਾ ਨਾ ਤਾਂ ਸਹੀ ਹੈ ਅਤੇ ਨਾ ਹੀ ਸੁਰੱਖਿਅਤ। ਪਰਮੇਸ਼ਰ ਮੇਰੀ ਮਦਦ ਕਰੇ। ਆਮੀਨ।[88]

*ਸਿੱਟਾ.* ਮੈਨੂੰ ਆਸ ਹੈ ਕਿ ਹੁਣ ਤੱਕ ਤੁਸੀਂ ਮੇਰੇ ਪ੍ਰਸ਼ਨ "ਕੀ ਤੁਹਾਨੂੰ ਆਪਣੇ ਅੰਤਹਕਰਨ ਨੂੰ ਆਪਣਾ ਮਾਰਗਦਰਸ਼ਕ ਬਣਨ ਦੇਣਾ ਚਾਹੀਦਾ ਹੈ?" ਦੇ ਮੇਰੇ ਅਸਪੱਸ਼ਟ ਜਿਹੇ ਜਾਪਣ ਵਾਲੇ "ਹਾਂ/ਨਾ" ਦੇ ਉੱਤਰ ਨੂੰ ਸਮਝ ਗਏ ਹੋ। ਧਾਰਮਿਕ ਮਸਲਿਆਂ ਵਿੱਚ ਇਕੱਲੇ ਅੰਤਹਕਰਨ ਨੂੰ ਸਾਡਾ ਮਾਰਗਦਰਸ਼ਕ *ਨਹੀਂ* ਹੋਣਾ ਚਾਹੀਦਾ। ਦੂਜੇ ਪਾਸੇ ਸਾਨੂੰ ਆਪਣੇ ਅੰਤਹਕਰਨ ਦੇ ਨਿਰਦੇਸ਼ਾਂ ਦਾ ਪਾਲਣਾ ਕਰਨੀ ਚਾਹੀਦੀ ਹੈ, ਤਾਂ ਜੋ ਪਰਮੇਸ਼ਰ ਵੱਲੋਂ ਸਾਡੇ ਅੰਦਰ ਸਥਾਪਿਤ ਕੀਤੀ ਗਈ ਇਹ ਸੁਰੱਖਿਆ ਬੇਕਾਰ ਨਾ ਹੋ ਜਾਵੇ। ਸਾਨੂੰ ਲਗਾਤਾਰ ਆਪਣੇ ਅੰਤਹਕਰਨ ਨੂੰ ਸਹੀ ਸਿੱਖਿਆ ਦੇਣ ਅਤੇ ਸਹੀ ਜਾਂ ਗਲਤ ਬਾਰੇ ਸਾਡੀਆਂ ਮਾਨਤਾਵਾਂ ਨੂੰ ਸੋਧਦੇ ਰਹਿਣ ਦੀ ਪ੍ਰਕਿਰਿਆ ਵਿੱਚ ਬਣੇ ਰਹਿਣ ਲੋੜ ਹੈ।

ਆਓ 1 ਪਤਰਸ 3:21 ਨੂੰ ਵੇਖੀਏ। ਇਸ ਆਇਤ ਵਿੱਚ ਪਤਰਸ ਨੇ ਜ਼ੋਰ ਦਿੱਤਾ ਕਿ, "ਏਹ ਬਪਤਿਸਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਨ ਬਚਾਉਂਦਾ ਹੈ।" ਪਰ ਉਸ ਨੇ ਇਹ ਵੀ ਆਖਿਆ ਕਿ ਬਪਤਿਸਮੇ ਦਾ ਅਰਥ "ਸਰੀਰ ਦੀ ਮੈਲ ਲਾਹੁਣੀ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਣਾ ਹੈ।" ਕਹਿਣ ਦਾ ਭਾਵ ਇਹ ਹੈ ਕਿ ਬਪਤਿਸਮਾ ਲੈਣ ਦਾ ਇੱਕ ਕਾਰਨ ਇਹ ਵੀ ਹੈ ਕਿ ਸਾਡਾ ਅੰਤਹਕਰਨ ਸਾਨੂੰ ਕਿਸੇ ਵੀ ਗੱਲ ਲਈ ਦੋਸ਼ੀ ਨਾ ਬਣਾਏ।

ਪਰਮੇਸ਼ਰ ਦਾ ਵਚਨ ਆਖਦਾ ਹੈ ਕਿ ਤੁਸੀਂ ਯਿਸੂ 'ਤੇ ਨਿਹਚਾ ਕਰੋ (ਯੂਹੰਨਾ 3:16), ਆਪਣਿਆਂ ਪਾਪਾਂ ਤੋਂ ਤੋਬਾ ਕਰੋ (ਰਸੂਲਾਂ ਦੇ ਕਰਤਬ 17:30), ਆਪਣੇ ਹਿਰਦੇ ਵਿਚਲੀ ਨਿਹਚਾ ਦਾ ਇਕਰਾਰ ਕਰੋ (ਰੋਮੀਆਂ 10:9, 10), ਆਪਣੇ ਪਾਪਾਂ ਦੀ ਮਾਫ਼ੀ ਦੇ ਲਈ (ਪਾਣੀ ਵਿੱਚ ਡੋਬਾ ਦੇ ਕੇ) ਬਪਤਿਸਮਾ ਲਵੋ (ਰਸੂਲਾਂ ਦੇ ਕਰਤਬ 2:38) ਅਤੇ ਫਿਰ ਮਰਨ ਤੋੜੀ ਵਫ਼ਾਦਾਰ ਰਹੋ (ਪਰਕਾਸ਼ 2:10)। ਜੇਕਰ ਤੁਹਾਡਾ ਅੰਤਹਕਰਨ *ਪ੍ਰਕਾਸ਼ਮਾਨ* ਹੈ, ਤਾਂ ਇਹ ਪਛਾਣ ਲਵੇਗਾ ਕਿ ਇਹ ਸਿੱਖਿਆਵਾਂ ਸਹੀ ਹਨ। ਜੇਕਰ ਤੁਹਾਡਾ ਅੰਤਹਕਰਨ *ਪ੍ਰਭਾਵਸ਼ਾਲੀ* ਹੈ, ਤਾਂ ਇਹ ਆਖੇਗਾ ਕਿ ਤੁਹਾਨੂੰ ਇਹ ਕੰਮ ਕਰਨ ਦੀ *ਲੋੜ* ਹੈ। ਹੁਣ ਤੁਹਾਨੂੰ ਉਸ ਕੰਮ ਨੂੰ ਕਰਨ ਦੇ ਦੁਆਰਾ, ਜੋ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਕਰਨ ਦੀ ਲੋੜ ਹੈ, ਆਪਣੇ ਅੰਤਹਕਰਨ ਦਾ *ਅਭਿਆਸ* ਕਰਨਾ ਚਾਹੀਦਾ ਹੈ। ਅੱਜ ਆਪਣੇ ਅੰਤਹਕਰਨ ਨੂੰ ਪਰਮੇਸ਼ਰ ਦੇ ਲਈ "ਹਾਂ" ਆਖਣ ਦਿਓ!

## ਮਿਲਜੁਲ ਕੇ ਰਹਿਣਾ (ਅਧਿਆਇ 14)

ਰੋਮੀਆਂ 14 ਵਿਚਲੇ ਸਿਧਾਂਤ ਕਿਸੇ ਵੀ ਵੇਲੇ ਲੋਕਾਂ ਨੂੰ ਆਪਸ ਵਿੱਚ ਅਸਹਿਮਤ ਕਰ ਸਕਦੇ ਹਨ। ਐਵਰਟ ਹਫ਼ਰਡ ਇਸ ਹਵਾਲੇ ਦੀ ਵਰਤੋਂ ਉਸ ਵੇਲੇ ਕਰਦੇ ਹਨ, ਜਦੋਂ ਉਹ ਵਿਆਹੁਤਾ ਲੋਕਾਂ ਨੂੰ ਮਿਲਜੁਲ ਕੇ ਰਹਿਣ ਬਾਰੇ ਸਿਖਾਉਂਦੇ ਹਨ। ਇਸ ਅਧਿਆਇ ਵਿੱਚੋਂ ਉਹ ਇਹ ਸਿੱਖਿਆ ਦਿੰਦੇ

ਹਨ: “ਭਾਵੇਂ ਤੁਸੀਂ ਸਹੀ ਵੀ ਹੋ ਤਾਂ ਵੀ ਕਿਸੇ ਬਹਿਸ ਵਿੱਚ ਹਾਰ ਮੰਨ ਲੈਣਾ ਠੀਕ ਹੈ।”[89] ਇਹ ਗੱਲ ਸਾਡੇ ਵਿੱਚੋਂ ਕੁਝ ਲੋਕਾਂ ਨੂੰ ਅਜੀਬ ਜਾਪ ਸਕਦੀ ਹਾ। ਇੱਕ ਅਮਰੀਕੀ ਰਾਜਨੇਤਾ ਹੈਨਰੀ ਕਲੇ (1777–1852) ਅਕਸਰ ਆਖਦੇ ਹੁੰਦੇ ਸਨ, “ਮੈਂ ਰਾਸ਼ਟਰਪਤੀ ਬਣਨ ਦੀ ਬਜਾਇ ਸਹੀ ਹੋਣਾ ਪਸੰਦ ਕਰਾਂਗਾ।”[90] ਸਹੀ ਹੋਣ ਤੋਂ ਵੀ ਵਧ ਕੇ ਅਸੀਂ ਉਨ੍ਹਾਂ ਲੋਕਾਂ ਤੋਂ, ਜੋ ਸਾਡੇ ਨਾਲ ਸਹਿਮਤ ਨਹੀਂ ਹੁੰਦੇ, ਇਹ ਮਨਵਾਉਣਾ ਪਸੰਦ ਕਰਦੇ ਹਾਂ ਕਿ ਅਸੀਂ ਸਹੀ ਹਾਂ।

ਰੋਮੀਆਂ 14 ਵਿੱਚ ਪੌਲੁਸ ਦੀ ਚਰਚਾ ਪਹਿਲੀ ਸਦੀ ਦੀ ਕਲੀਸਿਯਾ ਵਿੱਚ ਮੀਟ ਖਾਣ ਨੂੰ ਲੈ ਕੇ ਹੋ ਰਹੇ ਵਿਵਾਦ ਦੇ ਦੁਆਲੇ ਘੁੰਮਦੀ ਹੈ। ਉਸ ਨੇ ਇਸ ਬਾਰੇ ਕੋਈ ਸੰਦੇਹ ਨਹੀਂ ਛੱਡਿਆ ਹੈ ਕਿ ਇਸ ਮਸਲੇ ਬਾਰੇ ਕੌਣ ਸਹੀ ਸੀ। ਉਸ ਨੇ ਆਖਿਆ ਕਿ ਜਿਹੜਾ ਵਿਅਕਤੀ “ਸਾਗ ਪੱਤ ਹੀ” ਖਾਂਦਾ ਹੈ ਉਹ “ਕੱਚਾ” ਭਰਾ ਹੈ (14:2)।[91] ਉਸ ਨੇ ਆਖਿਆ ਕਿ “ਕੋਈ ਵਸਤ [ਕੋਈ ਵੀ ਭੋਜਨ, ਇੱਥੋਂ ਤੱਕ ਕਿ ਮੀਟ ਵੀ] ਆਪ ਤੋਂ ਆਪ ਅਸ਼ੁੱਧ ਨਹੀਂ” ਹੈ (14:14) ਅਤੇ ਇਸ ਧਾਰਣਾ ਨੂੰ “ਤਕੜਾ” ਵਿਸ਼ਵਾਸ ਆਖਿਆ (ਵੇਖੋ 15:1)। ਪਰ ਫਿਰ ਵੀ, ਪੌਲੁਸ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਇਸ ਮਸਲੇ ਬਾਰੇ ਸਹੀ ਹੋਣ ਤੋਂ ਵਧੇਰੇ ਮਹੱਤਵਪੂਰਣ ਕੁਝ ਹੋਰ ਸੀ।

ਸਹੀ ਹੋਣ ਤੋਂ ਵਧੇਰੇ ਮਹੱਤਵਪੂਰਣ ਹੋਰ ਕੀ ਹੋ ਸਕਦਾ ਹੈ? ਰੋਮੀਆਂ 14:13–23 ਵਿੱਚ, ਪੌਲੁਸ ਕਈ ਗੱਲਾਂ ਨੂੰ ਵਧੇਰੇ ਮਹੱਤਵਪੂਰਣ ਆਖਦਾ ਹੈ।[92] ਆਇਤ 13 ਤੋਂ 18 ਤੱਕ, ਪੌਲੁਸ ਨੇ ਜ਼ੋਰ ਦਿੱਤਾ ਕਿ ਕਿਸੇ ਮਸਲੇ ’ਤੇ ਵਿਚਾਰਾਂ ਦੇ ਸਹੀ ਹੋਣ ਤੋਂ ਵਧੇਰੇ ਮਹੱਤਵਪੂਰਣ ਇਹ ਹੈ ਕਿ ਆਪਣੇ ਭਰਾ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪੁੱਜੇ (ਵੇਖੋ 14:13, 15)। ਆਇਤ 19 ਤੋਂ 23 ਤੱਕ ਉਹ ਇਹ ਆਖਣਾ ਜਾਰੀ ਰੱਖਦਾ ਹੈ ਕਿ ਸਾਡੇ ਸੰਗੀ ਮਸੀਹੀਆਂ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਪੁੱਜੇ, ਪਰ ਇਸ ਦੇ ਨਾਲ ਇੱਕ ਹੋਰ ਵਿਚਾਰ ਸ਼ਾਮਿਲ ਕੀਤਾ ਗਿਆ ਹੈ। ਅਸੀਂ ਪੌਲੁਸ ਦੇ ਇਸ ਨਿਰਦੇਸ਼, ਕਿ ਕਿਸੇ ਭਰਾ ਨੂੰ ਕੋਈ ਨੁਕਸਾਨ ਨਾ ਪੁਚਾਇਆ ਜਾਵੇ, ਦੀ ਪੂਰਤੀ ਇਸ ਤਰ੍ਹਾਂ ਵੀ ਕਰ ਸਕਦੇ ਹਾਂ ਕਿ ਕੁਝ ਵੀ ਨਾ ਕੀਤਾ ਜਾਵੇ, ਉਸ ਨੂੰ ਇਕੱਲਿਆਂ ਛੱਡ ਦਿੱਤਾ ਜਾਵੇ। ਪਰ ਇਨ੍ਹਾਂ ਆਇਤਾਂ ਵਿੱਚ ਇਸ ਤੋਂ ਅੱਗੇ ਜਾ ਕੇ ਇੱਕ ਸਕਾਰਾਤਮਕ ਗੱਲ ਸ਼ਾਮਿਲ ਕੀਤੀ ਗਈ ਹੈ, ਕਿ ਕੁਝ ਕੀਤਾ ਜਾਵੇ। ਦਰਅਸਲ ਪੌਲੁਸ ਨੇ ਆਖਿਆ, ਕਿ ਸਹੀ ਹੋਣ ਦੀ ਬਜਾਇ ਆਪਣੇ ਭਰਾ ਦੀ ਮਦਦ ਕਰਨਾ ਵਧੇਰੇ ਮਹੱਤਵਪੂਰਣ ਹੈ (ਵੇਖੋ 14:19)।

### “ਇੱਕ ਦੂਜੇ ਨੂੰ ਕਬੂਲ ਕਰੋ” (14:1; 15:7)

“ਤਕੜਿਆਂ” ਨੂੰ ਆਖਿਆ ਗਿਆ ਹੈ ਕਿ “ਕੱਚਿਆਂ” ਨੂੰ ਕਬੂਲ ਕਰਨ ਅਤੇ ਉਨ੍ਹਾਂ ਨੂੰ ਨੀਵਾਂ ਨਾ ਵੇਖਣ। ਪੌਲੁਸ ਨੇ ਇਹ ਵੀ ਆਖਿਆ ਕਿ “ਕੱਚੇ” ਵੀ “ਤਕੜਿਆਂ” ਨੂੰ ਕਬੂਲ ਕਰਨ (ਵੇਖੋ 15:7) ਅਤੇ ਆਪਣੇ ਭਰਾਵਾਂ ਦਾ ਨਿਆਂ ਨਾ ਕਰਨ। ਕੋਈ ਇਹ ਵੀ ਪੁੱਛ ਸਕਦਾ ਹੈ, “ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਤਕੜਾ ਭਰਾ ਹਾਂ ਜਾਂ ਕੱਚਾ?” ਜ਼ਿਆਦਾਤਰ ਤਕੜੀ ਮਾਨਸਿਕਤਾ ਵਾਲੇ ਲੋਕ ਆਪਣੇ ਆਪ ਨੂੰ “ਤਕੜਾ” ਮੰਨਦੇ ਹਨ। (ਮੈਨੂੰ ਕੇਵਲ ਇੱਕੋ ਵਿਅਕਤੀ ਹੀ ਚੇਤੇ ਆਉਂਦਾ ਹੈ ਜਿਸ ਨੇ ਆਪਣੇ ਆਪ ਨੂੰ “ਕੱਚਾ ਭਰਾ” ਆਖਿਆ।) ਇੱਕ ਦੂਜੇ ਨੂੰ ਕਬੂਲ ਕਰਨ ਦੇ ਮਾਮਲੇ ਵਿੱਚ ਜ਼ਿਆਦਾਤਰ ਵੇਲੇ ਇਹ ਗੱਲ ਮਾਇਨੇ ਨਹੀਂ ਰੱਖਦੀ ਕਿ ਤੁਸੀਂ “ਤਕੜੇ” ਹੋ ਜਾਂ “ਕੱਚੇ।” (ਜੇਕਰ ਤੁਸੀਂ ਜ਼ੋਰ ਦਿੰਦੇ ਹੋ ਕਿ ਤੁਸੀਂ “ਤਕੜੇ” ਭਰਾ ਹੋ, ਤਾਂ ਇਹ ਠੀਕ ਹੈ। ਦਰਅਸਲ “ਤਕੜਿਆਂ” ਉੱਤੇ ਵਧੇਰੇ ਜਿੰਮੇਵਾਰੀ ਹੁੰਦੀ

ਹੈ।) ਭਾਵੇਂ "ਤਕੜੇ" ਜਾਂ "ਕੱਚੇ", ਹਰੇਕ ਮਸੀਹੀ ਲਈ ਸੁਨੇਹਾ ਇੱਕੋ ਹੈ: "ਇੱਕ ਦੂਜੇ ਨੂੰ ਕਬੂਲ ਕਰੋ" (15:7)!

### ਕੱਚਿਆਂ ਨੂੰ ਕਬੂਲ ਕਰਨਾ (14:1, 15)

ਰੋਮੀਆਂ 14:1 ਆਖਦਾ ਹੈ, "ਜਿਹੜਾ ਕੋਈ ਨਿਹਚਾ ਵਿੱਚ ਕੱਚਾ ਹੈ ਉਹ ਨੂੰ ਆਪਣੀ ਸੰਗਤ ਵਿੱਚ ਰਲਾ ਤਾਂ ਲਓ ਪਰ ਭਰਮਾਂ ਦੇ ਵਿਖੇ ਫ਼ੈਸਲੇ ਲਈ ਨਹੀਂ।" ਆਓ ਇਸ ਸਿਧਾਂਤ ਦੇ ਇਸ ਉਦਾਹਰਣ ਉੱਤੇ ਗੌਰ ਕਰੀਏ: ਕਿਸੇ ਅਜਿਹੇ ਧਾਰਮਿਕ ਸਮੂਹ ਬਾਰੇ ਸੋਚੋ, ਜਿਹੜਾ ਇਹ ਸਿਖਾਉਂਦਾ ਹੈ ਕਿ ਸ਼ੁਕਰਵਾਰ ਨੂੰ ਮਾਸ ਖਾਣਾ ਗਲਤ ਹੈ। ਕਲਪਨਾ ਕਰੋ ਕਿ ਤੁਸੀਂ ਉਸੇ ਧਾਰਮਿਕ ਸਮੂਹ ਦੇ ਕਿਸੇ ਵਿਅਕਤੀ ਨੂੰ ਪ੍ਰਭੂ ਵਿੱਚ ਲਿਆਏ ਅਤੇ ਹੁਣ ਉਸ ਨੂੰ ਚੇਲਾ ਬਣਾ ਰਹੇ ਹੋ। ਜਦੋਂ ਉਹ ਵਿਅਕਤੀ ਬਪਤਿਸਮਾ ਲੈ ਕੇ ਪਾਣੀ ਵਿੱਚੋਂ ਬਾਹਰ ਆਉਂਦਾ ਹੈ, ਤਾਂ ਕੀ ਅਜਿਹਾ ਕਰਨਾ ਠੀਕ ਰਹੇਗਾ ਕਿ ਤੁਸੀਂ ਤੁਰੰਤ ਉਸ ਨੂੰ ਇਕ ਪਾਸੇ ਲੈ ਜਾਓ ਅਤੇ ਆਖੋ ਕਿ ਸ਼ੁਕਰਵਾਰ ਨੂੰ ਮੀਟ ਨਾ ਖਾਣਾ ਕਿੰਨੀ ਵੱਡੀ ਮੂਰਖਤਾ ਸੀ? ਬਿਲਕੁਲ ਨਹੀਂ। ਉਹ ਮਸੀਹ ਵਿੱਚ ਅਜੇ ਇੱਕ ਨਾਜ਼ੁਕ ਜੁਆਕ ਹੈ ਜਿਸ ਨੂੰ ਸੁਆਗਤ ਦੀ ਗਲਵਕੜੀ ਦੀ ਲੋੜ ਹੈ, ਉਸ ਦੇ ਮੂੰਹ 'ਤੇ ਸ਼ਬਦਾਂ ਦੀ ਚਪੇੜ ਦੀ ਨਹੀਂ। ਸਮਾਂ ਬੀਤਣ ਦੇ ਨਾਲ-ਨਾਲ ਉਸ ਨੂੰ ਇਸ ਮਸਲੇ ਉੱਤੇ ਗਿਆਨ ਪ੍ਰਾਪਤ ਹੋ ਜਾਵੇਗਾ, ਪਰ ਸਭ ਤੋਂ ਪਹਿਲਾਂ ਉਸ ਨੂੰ ਕਬੂਲ ਕੀਤੇ ਜਾਣ ਦੀ ਲੋੜ ਹੈ।

ਇਸੇ ਉਦਾਹਰਣ ਵਿੱਚ ਇਹ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਕਿ ਤੁਸੀਂ ਅਜਿਹਾ ਵੀ ਨਾ ਕਰਿਓ ਕਿ ਅਗਲੇ ਸ਼ੁਕਰਵਾਰ ਨੂੰ ਉਸ ਨੂੰ ਭੋਜਨ ਲਈ ਸੱਦਾ ਦਿਓ ਅਤੇ ਉਸ ਦੇ ਅੱਗੇ ਮਾਸ ਰੱਖ ਦਿਓ। ਅਜਿਹਾ ਕਰਨ ਨਾਲ ਉਸ ਨੂੰ ਆਪਣੇ ਅੰਤਹਕਰਨ ਦੇ ਵਿਰੁੱਧ ਜਾਣਾ ਪਵੇਗਾ ਅਤੇ ਉਹ ਪਾਪ ਕਰ ਬੈਠੇਗਾ। ਰੋਮੀਆਂ 14:15 ਸਿਖਾਉਂਦਾ ਹੈ, "ਜੇਕਰ ਤੇਰੇ ਭੋਜਨ ਕਰਕੇ ਤੇਰਾ ਭਰਾ ਦੁਖੀ ਹੁੰਦਾ ਹੈ ਤਾਂ ਤੂੰ ਅਜੇ ਪ੍ਰੇਮ ਨਾਲ ਨਹੀਂ ਚੱਲਦਾ ਹੈਂ। ਜਿਹ ਦੇ ਲਈ ਮਸੀਹ ਮੋਇਆ ਤੂੰ ਭੋਜਨ ਨਾਲ ਉਹ ਦਾ ਨਾਸ ਨਾ ਕਰ।"

### ਦੂਜਿਆਂ ਨੂੰ ਤੁੱਛ ਨਾ ਜਾਣੀਏ (14:3)

ਪੌਲੁਸ ਨੇ ਨਿਰਦੇਸ਼ ਦਿੱਤਾ, "ਜਿਹੜਾ ਖਾਣ ਵਾਲਾ ਹੈ ['ਤਕੜਾ'] ਉਹ ਨਾ-ਖਾਣ ਵਾਲੇ ['ਕੱਚੇ'] ਨੂੰ ਤੁੱਛ ਨਾ ਜਾਣੇ ਅਤੇ ਜਿਹੜਾ ਨਾ-ਖਾਣ ਵਾਲਾ ['ਕੱਚਾ'] ਹੈ ਉਹ ਖਾਣ ਵਾਲੇ ['ਤਕੜੇ'] ਉੱਤੇ ਦੋਸ਼ ਨਾ ਲਾਵੇ ਕਿਉਂ ਜੋ ਪਰਮੇਸ਼ੁਰ ਨੇ ਉਹ ਨੂੰ ਕਬੂਲ ਕਰ ਲਿਆ ਹੈ" (14:3)।

*ਤਕੜਾ.* ਮੈਂ ਉਨ੍ਹਾਂ ਲੋਕਾਂ ਵੱਲੋਂ ਲਿਖੀਆਂ ਗਈਆਂ ਪੁਸਤਕਾਂ ਪੜ੍ਹੀਆਂ ਹਨ, ਜਿਹੜੇ ਆਪਣੇ ਆਪ ਨੂੰ ਹੋਰਨਾਂ ਮਸੀਹੀਆਂ ਨਾਲੋਂ ਵਧੇਰੇ ਗਿਆਨੀ ਮੰਨਦੇ ਹਨ। ਉਨ੍ਹਾਂ ਦੇ ਵਰਕਿਆਂ ਤੋਂ ਘਿਰਣਾ ਅਤੇ ਕਟਾਕਸ਼ ਟਪਕ ਰਹੇ ਸਨ। ਕੀ ਤੁਸੀਂ ਆਪਣੇ ਆਪ ਨੂੰ ਕਿਸੇ ਵਿਸ਼ੇ 'ਤੇ "ਤਕੜਾ" ਸਮਝਦੇ ਹੋ? ਪੌਲੁਸ ਨੇ ਤੁਹਾਨੂੰ ਆਖਿਆ ਹੈ ਕਿ ਜਿਹੜਾ ਭਰਾ ਤੁਹਾਡੇ ਨਾਲ ਸਹਿਮਤ ਨਹੀਂ ਹੁੰਦਾ ਉਸ ਨੂੰ ਤੁਸੀਂ "ਤੁੱਛ ਨਾ ਜਾਣੋ।"

*ਕੱਚਾ.* ਮੈਂ ਅਜਿਹੇ ਲੇਖ ਵੀ ਪੜ੍ਹੇ ਹਨ ਜਿਨ੍ਹਾਂ ਵਿੱਚ ਹੋਰਨਾਂ ਮਸੀਹੀਆਂ ਦੀਆਂ ਗਲਤੀਆਂ 'ਤੇ ਉਂਗਲਾਂ ਚੁੱਕੀਆਂ ਗਈਆਂ ਹਨ। ਇਨ੍ਹਾਂ ਵਿੱਚ ਕੁਝ ਵਿੱਚ ਤਾਂ ਬੜੀ ਹੀ ਕਠੋਰ ਅਤੇ ਦੋਸ਼ ਲਗਾਉਣ

ਵਾਲੀ ਭਾਸ਼ਾ ਦੀ ਵਰਤੋਂ ਕੀਤੀ ਗਈ ਸੀ। ਜੇਕਰ ਤੁਸੀਂ ਕਿਸੇ ਰੀਤ ਨੂੰ ਗਲਤ ਮੰਨਦੇ ਹੋ, ਤਾਂ ਤੁਹਾਡੇ ਨਾਲ ਅਸਹਿਮਤ ਹੋਣ ਵਾਲੇ ਲੋਕਾਂ ਦੇ ਪ੍ਰਤੀ ਅਧੀਰ ਹੋ ਜਾਣਾ ਸੁਭਾਵਕ ਹੈ।

### ਕਿਸੇ ਹੋਰ ਦੇ ਸੇਵਕ ਉੱਤੇ ਦੋਸ਼ ਨਾ ਲਗਾਈਏ (14:4)

ਕਲਪਨਾ ਕਰੋ ਕਿ ਕੋਈ ਵਿਅਕਤੀ ਤੁਹਾਡੇ ਲਈ ਕੰਮ ਕਰਦਾ ਹੈ, ਅਜਿਹਾ ਕੋਈ ਵਿਅਕਤੀ ਜਿਹੜਾ ਤੁਹਾਡਾ ਭਰੋਸੇਯੋਗ ਕਰਮਚਾਰੀ ਹੈ ਅਤੇ ਕਈ ਵਰ੍ਹਿਆਂ ਤੋਂ ਤੁਹਾਡੇ ਲਈ ਕੰਮ ਕਰ ਰਿਹਾ ਹੈ। ਤੁਹਾਡੇ ਕੋਲ ਆਇਆ ਕੋਈ ਮਿਹਮਾਨ ਉਸ ਕਰਮਚਾਰੀ ਦੇ ਕੰਮ ਕਰਨ ਦੇ ਤਰੀਕੇ ਦੀ ਨੁਕਤਾਚੀਨੀ ਕਰਨ ਲੱਗਦਾ ਹੈ, ਤਾਂ ਤੁਸੀਂ ਕੀ ਕਰੋਗੇ? ਤੁਹਾਡੀ ਪ੍ਰਤੀਕਿਰਿਆ ਕੀ ਹੋਵੇਗੀ? ਸ਼ਾਇਦ ਤੁਸੀਂ ਆਪਣੇ ਮਿਹਮਾਨ ਨੂੰ ਆਖੋਗੇ (ਹਾਂ ਚੰਗੇ ਢੰਗ ਨਾਲ ਹੀ) ਕਿ ਇਸ ਬਾਰੇ *ਉਨ੍ਹਾਂ* ਦੀ ਨਹੀਂ ਪਰ *ਤੁਹਾਡੀ* ਰਾਏ ਮਾਇਨੇ ਰੱਖਦੀ ਹੈ।

ਇੱਕ ਵਾਰੀ ਬੈਟਸਲ ਬੈਰੇਟ ਬੈਕਸਟਰ ਨੂੰ ਕਿਸੇ ਵਿਅਕਤੀ ਬਾਰੇ ਪੁੱਛਿਆ ਗਿਆ ਕਿ ਉਹ ਬਚਾਇਆ ਜਾਵੇਗਾ ਕਿ ਨਹੀਂ। ਬੈਕਸਟਰ ਨੇ ਜਵਾਬ ਦਿੱਤਾ, “ਇਹ ਸਵਾਲ ਤੁਸੀਂ ਗਲਤ ਆਦਮੀ ਨੂੰ ਪੁੱਛਿਆ ਹੈ। ਲੋਕਾਂ ਨੂੰ ਸਵਰਗ ਜਾਂ ਨਰਕ ਦੀ ਟਿਕਟ ਦੇਣਾ ਪਰਮੇਸ਼ਰ ਦਾ ਕੰਮ ਹੈ, ਮੇਰਾ ਨਹੀਂ।”[93]

### ਦੋਸ਼ ਨਾ ਲਗਾਉਣ ਦੇ ਕਾਰਨ (14:5-13)

14:5–12 ਵਿੱਚ ਚਾਰ ਕਾਰਨ ਦਿੱਤੇ ਗਏ ਹਨ ਕਿ ਅਸੀਂ ਰਾਏ ਦੇ ਮਾਮਲੇ ਵਿੱਚ “ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ ਨਾ ਲਾਈਏ” (14:13):

ਕਿਉਂਕਿ ਅਸੀਂ ਸਾਰੇ ਹੀ ਪਰਮੇਸ਼ਰ ਦੀ ਮਹਿਮਾ ਲਈ ਕੰਮ ਕਰ ਰਹੇ ਹਾਂ (14:5, 6)।
ਕਿਉਂਕਿ ਅਸੀਂ ਸਾਰੇ ਹੀ ਪ੍ਰਭੂ ਦੇ ਲੋਕ ਹਾਂ (14:7–9)।
ਕਿਉਂਕਿ ਅਸੀਂ ਸਾਰੇ ਹੀ ਮਸੀਹ ਵਿੱਚ ਭੈਣ ਅਤੇ ਭਰਾ ਹਾਂ (14:10)।
ਕਿਉਂਕਿ ਪ੍ਰਭੂ ਵੱਲੋਂ ਸਾਡੇ ਸਾਰਿਆਂ ਦਾ ਹੀ ਨਿਆਂ ਕੀਤਾ ਜਾਵੇਗਾ (14:10–12)।

ਇਨ੍ਹਾਂ ਵਿੱਚੋਂ ਕੋਈ ਇੱਕ ਕਾਰਨ ਵੀ ਸਾਡੇ ਲਈ ਕਾਫੀ ਹੋਣਾ ਚਾਹੀਦਾ ਹੈ ਕਿ ਅਸੀਂ ਇੱਕ ਦੂਜੇ ਨੂੰ ਕਬੂਲ ਕਰੀਏ ਅਤੇ ਇੱਕ ਦੂਜੇ ਉੱਤੇ ਦੋਸ਼ ਲਗਾਉਣਾ ਛੱਡ ਦੇਈਏ। ਇਹ ਚਾਰੇ ਸਾਡੇ ਲਈ ਕਿਸੇ ਬਹਾਨੇ ਦੀ ਕੋਈ ਥਾਂ ਨਹੀਂ ਛੱਡਦੇ।

### “ਪੱਕੀ ਨਿਹਚਾ” ਰੱਖਣਾ (14:5)

ਰਾਏ ਦੇ ਮਾਮਲੇ ਵਿੱਚ ਪੌਲੁਸ ਨੇ ਆਖਿਆ ਕਿ “ਹਰ ਕੋਈ ਆਪੋ ਆਪਣੇ ਮਨ ਵਿੱਚ ਪੱਕੀ ਨਿਹਚਾ ਰੱਖੇ” (14:5)। ਇਸ ਸਿਧਾਂਤ ਦੇ ਉਦਾਹਰਣ ਵਜੋਂ ਇਸ ਮਸਲੇ ਨੂੰ ਲਿਆ ਜਾ ਸਕਦਾ ਹੈ ਕਿ ਮਸੀਹੀਆਂ ਨੂੰ ਪੁਲੀਸ ਜਾਂ ਫੌਜ ਵਿੱਚ ਭਰਤੀ ਹੋਣਾ ਚਾਹੀਦਾ ਹੈ ਜਾਂ ਨਹੀਂ। ਕਈ ਖੇਤਰਾਂ ਵਿੱਚ ਇਸ ਨੂੰ ਆਪਣੀ ਰਾਏ ਦਾ ਮਸਲਾ ਆਖਿਆ ਜਾਂਦਾ ਹੈ,[94] ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਇਹ ਮਸਲਾ ਮਹੱਤਵਪੂਰਣ ਨਹੀਂ ਹੈ ਜਾਂ ਇਹ ਗੱਲ ਮਾਇਨੇ ਨਹੀਂ ਰੱਖਦੀ ਕਿ ਇਸ ਮਸਲੇ ਬਾਰੇ

ਤੁਹਾਡੀ ਕੀ ਮਾਨਤਾ ਹੈ। ਆਪਣੇ ਖੇਤਰ ਵਿੱਚ ਪ੍ਰਚਲਿਤ ਕਿਸੇ ਵੀ ਵਿਚਾਰਧਾਰਾ ਨੂੰ ਬਿਨਾ ਕਿਸੇ ਸਵਾਲ ਦੇ ਸਵੀਕਾਰ ਨਾ ਕਰ ਲਓ। ਸਗੋਂ ਨਵੇਂ ਨੇਮ ਦੇ ਉਨ੍ਹਾਂ ਸਭਨਾਂ ਹਿੱਸਿਆਂ ਦਾ ਅਧਿਐਨ ਕਰੋ ਜਿਨ੍ਹਾਂ ਨੂੰ ਤੁਸੀਂ ਢੁਕਵਾਂ ਮੰਨਦੇ ਹੋ। ਤਦ ਤੱਕ ਅਧਿਐਨ ਅਤੇ ਪ੍ਰਾਰਥਨਾ ਕਰੋ ਜਦ ਤੱਕ ਤੁਸੀਂ ਆਪਣੇ ਮਨ ਵਿੱਚ "ਪੱਕੀ ਨਿਹਚਾ" ਨਾ ਕਰ ਲਵੋ। ਫਿਰ ਆਪਣੀ ਨਿਹਚਾ ਉੱਤੇ ਅਡੋਲ ਰਹੋ।

## ਪਰਿਵਾਰ ਵਿੱਚ ਸਹਿਣਸ਼ੀਲਤਾ (14:10)

ਆਪਣੇ ਪਰਿਵਾਰ ਦੇ ਲੋਕ ਇੱਕ ਦੂਜੇ ਦੇ ਪ੍ਰਤੀ ਅਕਸਰ ਬਹੁਤ ਧੀਰਜ ਦਰਸਾਉਂਦੇ ਹਨ। ਉਸ ਸਮੇਂ ਬਾਰੇ ਸੋਚੋ ਜਦੋਂ ਤੁਸੀਂ ਕਿਸੇ ਪਰਿਵਾਰਕ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਗਏ ਸੀ। ਹੋ ਸਕਦਾ ਹੈ ਕਿ ਤੁਹਾਡਾ ਕੋਈ ਮਾਸੜ ਆਪਣੇ ਖਿਲਰੇ ਵਾਲ ਲੈ ਕੇ ਆਪਣੀਆਂ ਅਜੀਬੋ-ਗਰੀਬ ਆਦਤਾਂ ਦਿਖਾ ਰਿਹਾ ਸੀ। ਹੋ ਸਕਦਾ ਹੈ ਕਿ ਤੁਹਾਡੀ ਕੋਈ ਚਾਚੀ ਲੋਕਾਂ ਦੀਆਂ ਨੁਕਤਾਚੀਨੀਆਂ ਕਰ ਰਹੀ ਸੀ ਜਿਸ ਕਾਰਨ ਕੁਝ ਲੋਕਾਂ ਨੂੰ ਬੁਰਾ ਵੀ ਲੱਗਾ ਸੀ। ਹੋ ਸਕਦਾ ਹੈ ਕਿ ਤੁਹਾਡੇ ਢੀਠ ਚਚੇਰੇ ਜਾਂ ਮਮੇਰੇ ਭੈਣ-ਭਰਾ ਵੀ ਉੱਥੇ ਆਏ ਸਨ, ਜਿਨ੍ਹਾਂ ਲਈ ਤੁਸੀਂ ਰੋਜਾਨਾ ਪ੍ਰਾਰਥਨਾ ਕਰਦੇ ਹੋ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਬਦਲ ਜਾਣ। ਹਾਂ, ਇਹ ਸੱਚ ਹੈ ਕਿ ਕੋਈ ਵੀ ਪ੍ਰੋਗਰਾਮ ਤਦ ਤੱਕ ਅਧੂਰਾ ਰਹੇਗਾ ਜਦ ਤੱਕ ਕੋਈ ਭਤੀਜਾ ਜਾਂ ਭਾਣਜਾ ਇਧਰ-ਉਧਰ ਦੌੜਦਾ ਨਾ ਫਿਰੇ ਅਤੇ ਕਿਸੇ ਦਾਦੀ ਜਾਂ ਨਾਨੀ ਨੂੰ ਡੇਗ ਨਾ ਦਵੇ। ਹਰੇਕ ਪਰਿਵਾਰਕ ਪ੍ਰੋਗਰਾਮ ਵਿੱਚ ਅਜਿਹੇ ਕੁਝ ਖਾਸ ਤਰ੍ਹਾਂ ਦੇ ਰਿਸ਼ਤੇਦਾਰ ਤਾਂ ਆਉਂਦੇ ਹੀ ਹਨ। ਪਰ ਫਿਰ ਵੀ ਜਦੋਂ ਖਾਣਾ ਖਾਣ ਦਾ ਸਮਾਂ ਆਉਂਦਾ ਹੈ ਉਦੋਂ ਇਨ੍ਹਾਂ ਨੂੰ ਵੀ ਬਾਕੀਆਂ ਦੇ ਨਾਲ ਬੈਠ ਕੇ ਖਾਣਾ ਖਾਣ ਲਈ ਸੱਦਿਆ ਜਾਂਦਾ ਹੈ।

## ਸੰਤੁਲਨ ਬਣਾਉਣਾ (14:13-23)

ਇਹ ਆਇਤਾਂ ਇਹ ਨਹੀਂ ਆਖਦੀਆਂ ਕਿ ਜਿਸ ਕੰਮ ਨੂੰ ਕੋਈ ਦੂਜਾ ਭਰਾ ਜਾਂ ਭੈਣ ਪਸੰਦ ਨਹੀਂ ਕਰਦਾ ਉਸ ਨੂੰ ਛੱਡ ਦਿੱਤਾ ਜਾਵੇ। ਕਈ ਦਹਾਕਿਆਂ ਤੱਕ ਪ੍ਰਚਾਰ ਕਰਨ ਤੋਂ ਬਾਅਦ ਮੈਂ ਤੁਹਾਨੂੰ ਦੱਸ ਸੱਕਦਾ ਹਾਂ ਕਿ ਮੰਡਲੀ ਵਿੱਚ ਭਾਵੇਂ ਕੁਝ ਵੀ ਕਰ ਲਿਆ ਜਾਵੇ (ਜਾਂ ਨਾ ਕੀਤਾ ਜਾਵੇ), ਘੱਟੋ-ਘੱਟ ਇੱਕ ਮੈਂਬਰ ਤਾਂ ਅਜਿਹਾ ਹੋਵੇਗਾ ਹੀ ਜਿਹੜਾ ਉਸ ਨੂੰ ਪਸੰਦ ਨਹੀਂ ਕਰੇਗਾ। ਜਿਸ ਕੰਮ ਨੂੰ ਕੋਈ ਵਿਅਕਤੀ "ਪਸੰਦ ਨਹੀਂ ਕਰਦਾ" ਉਸ ਨੂੰ ਛੱਡ ਦੇਣ ਦਾ ਅਰਥ ਹੈ ਕਿ ਕਲੀਸਿਯਾ ਦਾ ਕੰਮ ਪੂਰੀ ਤਰ੍ਹਾਂ ਠੱਪ ਹੋ ਜਾਵੇਗਾ।

ਸੰਤੁਲਨ ਦੀ ਲੋੜ ਹੈ। ਅਸੀਂ ਕੁਝ ਨਕਾਰਾਤਮਕ ਟਿੱਪਣੀਆਂ ਦੇ ਕਾਰਨ ਕਿਸੇ ਚੰਗੇ ਕੰਮ ਨੂੰ ਨਹੀਂ ਰੋਕ ਸਕਦੇ। ਪਰ ਨਾਲ ਹੀ ਸਾਨੂੰ ਦੂਜਿਆਂ ਦੀਆਂ ਭਾਵਨਾਵਾਂ ਦੇ ਪ੍ਰਤੀ ਸੰਵੇਦਨਸ਼ੀਲ ਰਹਿਣ ਦੀ ਵੀ ਲੋੜ ਹੈ ਅਤੇ ਅਜਿਹੇ ਕਿਸੇ ਵੀ ਕੰਮ ਤੋਂ ਦੂਰ ਰਹਿਣ ਦੀ ਲੋੜ ਹੈ ਜਿਹੜਾ ਉਨ੍ਹਾਂ ਨੂੰ ਉਨ੍ਹਾਂ ਦੇ ਅੰਤਹਕਰਨ ਦੇ ਵਿਰੁੱਧ ਜਾਣ ਲਈ ਮਜਬੂਰ ਕਰੇ। ਜਿਸ ਵੀ ਮੰਡਲੀ ਵਿੱਚ ਮੈਂ ਸੇਵਾ ਕੀਤੀ ਹੈ, ਉਨ੍ਹਾਂ ਸਭਨਾਂ ਵਿੱਚ ਕੁਝ ਲੋਕ ਅਜਿਹੇ ਜ਼ਰੂਰ ਸਨ ਜਿਹੜੇ ਪੂਰੇ ਵਿਵੇਕੀ ਤਰੀਕੇ ਨਾਲ ਇਸ ਜਾਂ ਉਸ ਕੰਮ ਵਿੱਚ ਸ਼ਾਮਿਲ ਨਹੀਂ ਹੋ ਸਕਦੇ ਹਨ। ਅਸੀਂ ਜ਼ੋਰ ਨਹੀਂ ਦਿੱਤਾ ਕਿ ਉਨ੍ਹਾਂ ਨੂੰ ਉਸ ਕੰਮ ਵਿੱਚ ਸ਼ਾਮਿਲ ਹੋਣਾ ਹੀ ਪਵੇਗਾ ਅਤੇ ਉਨ੍ਹਾਂ ਨੇ ਵੀ ਇਸ ਗੱਲ ਦਾ ਕੋਈ ਬੁਰਾ ਨਹੀਂ ਮਨਾਇਆ। ਉਹ ਉਸ ਕੰਮ ਵਿੱਚ ਸ਼ਾਮਿਲ ਹੀ ਨਹੀਂ ਹੋਏ, ਇਸ ਕਰਕੇ ਉਨ੍ਹਾਂ ਨੂੰ ਆਪਣੇ ਅੰਤਹਕਰਨ ਦੇ ਵਿਰੁੱਧ ਜਾਣਾ

ਹੀ ਨਹੀਂ ਪਿਆ। ਸਾਨੂੰ ਉਨ੍ਹਾਂ ਭਰਾਵਾਂ ਵਿੱਚ ਭਿੰਨਤਾ ਕਰਨ ਦੀ ਲੋੜ ਹੈ ਜਿਹੜੇ ਵਿਵੇਕੀ ਹਨ ਅਤੇ ਜਿਹੜੇ ਝਗੜਾਲੂ ਹਨ। ਇਹ ਹਮੇਸ਼ਾ ਸੌਖਾ ਨਹੀਂ ਹੁੰਦਾ। ਅਜਿਹੇ ਸਮੇਂ ਵੀ ਆਉਂਦੇ ਹਨ ਜਦੋਂ ਸਾਨੂੰ ਗੋਡੇ ਟੇਕ ਕੇ ਪਰਮੇਸ਼ਰ ਤੋਂ ਬੁੱਧ ਮੰਗਣੀ ਪੈਂਦੀ ਹੈ (ਵੇਖੋ ਯਾਕੂਬ 1:5)।

## ਮਸੀਹਤ ਦਾ ਸਾਰ ਕੀ ਹੈ (14:13-18)

14:13–18 ਵਿੱਚ, ਪੌਲੁਸ ਚਰਚਾ ਨੂੰ ਹੋਰ ਵੀ ਉੱਚੇ ਪੱਧਰ ’ਤੇ ਲੈ ਜਾਂਦਾ ਹੈ। ਦਰਅਸਲ ਉਹ ਆਖਦਾ ਹੈ ਕਿ ਸਾਡੀ ਚਿੰਤਾ ਮਾਸ ਖਾਣ ਜਾਂ ਨਾ ਖਾਣ ਬਾਰੇ ਨਹੀਂ ਹੈ। ਸਗੋਂ ਮਸੀਹਤ ਦਾ ਸਾਰ ਇਹ ਹੈ . . .

ਸ ਭਰਾ ਦੀ ਚਿੰਤਾ ਕਰੋ ਜਿਹੜਾ ਆਤਮਕ ਤੌਰ ’ਤੇ ਕਮਜ਼ੋਰ ਹੈ (14:13, 14)।
ਪ੍ਰੇਮ ਕਰੋ (14:15)।
ਉਨ੍ਹਾਂ ਦੇ ਪ੍ਰਤੀ ਸਾਡਾ ਵਿਹਾਰ ਕਿਹੋ ਜਿਹਾ ਹੋਵੇ “ਜਿਨ੍ਹਾਂ ਦੇ ਲਈ ਮਸੀਹ ਮੋਇਆ” (14:15)।
ਸਾਡੇ ਕੰਮ ਸੰਸਾਰ ਦੀਆਂ ਨਜ਼ਰਾਂ ਵਿੱਚ ਕਲੀਸਿਯਾ ਦੇ ਦ੍ਰਿਸ਼ਟੀਕੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ (14:16, 18)।
ਸਾਡੇ ਲਈ ਸਭ ਤੋਂ ਮਹੱਤਵਪੂਰਣ ਕੀ ਹੈ (14:17)।
ਮਸੀਹ ਦੀ ਸੇਵਾ ਕਰਨਾ (14:18)।

ਜੇਕਰ ਪੌਲੁਸ ਦੀਆਂ ਸਿੱਖਿਆਵਾਂ ਗਰਮੀ ਨੂੰ ਸ਼ਾਂਤ ਨਹੀਂ ਕਰਨਗੀਆਂ ਤਾਂ ਹੋਰ ਕੁਝ ਵੀ ਨਹੀਂ ਕਰ ਸਕਦਾ। ਜੇਕਰ ਉਸ ਦੇ ਸ਼ਬਦ ਸ਼ਾਂਤੀ ਨਹੀਂ ਲਿਆਉਂਦੇ, ਤਾਂ ਸਾਡੇ ਹਿਰਦਿਆਂ ਵਿੱਚ ਕੁਝ ਜ਼ਿਆਦਾ ਹੀ ਗੜਬੜ ਚਲ ਰਹੀ ਹੈ।

## ਭਲਾਈ ਦੀ ਬਦਨਾਮੀ ਹੋਣਾ? (14:16)

ਕਿਸੇ-ਕਿਸੇ “ਭਲਾਈ” ਦੀ “ਬਦਨਾਮੀ” ਵੀ ਹੋ ਸਕਦੀ ਹੈ। ਇੱਕ ਉਦਾਹਰਣ ਚੇਤੇ ਆਉਂਦਾ ਹੈ।[95] ਅਮਰੀਕਾ ਤੋਂ ਇੱਕ ਇਸਤਰੀ ਕਿਸੇ ਹੋਰ ਦੇਸ ਵਿੱਚ ਕਿਸੇ ਮੰਡਲੀ ਦੀ ਮਦਦ ਕਰਨ ਲਈ ਗਈ। ਅਮਰੀਕਾ ਵਿੱਚ ਬੇਸਬਾਲ ਨੂੰ “ਰਾਸ਼ਟਰੀ ਖੇਡ” ਆਖਿਆ ਜਾਂਦਾ ਹੈ, ਸੋ ਇਸ ਇਸਤਰੀ ਨੇ ਮੰਡਲੀ ਦੇ ਬੱਚਿਆਂ ਨੂੰ ਲੈ ਕੇ ਬੇਸਬਾਲ ਖੇਡਣ ਦਾ ਫੈਸਲਾ ਲਿਆ। ਜਦ ਉਹ ਖੇਡ ਰਹੇ ਸਨ, ਕਲੀਸਿਯਾ ਦੇ ਇੱਕ ਐਲਡਰ ਨੇ ਉਸ ਇਸਤਰੀ ਨੂੰ ਇੱਕ ਪਾਸੇ ਬੁਲਾਇਆ। ਉਸ ਨੇ ਇਸ ਇਸਤਰੀ ਨੂੰ ਦੱਸਿਆ ਕਿ ਉਨ੍ਹਾਂ ਦੇ ਦੇਸ ਵਿੱਚ ਬੇਸਬਾਲ ਜੂਏ ਦੇ ਨਾਲ ਐਨਾ ਜ਼ਿਆਦਾ ਜੁੜਿਆ ਹੋਇਆ ਹੈ ਕਿ ਮਸੀਹੀ ਲੋਕ ਇਸ ਖੇਡ ਨੂੰ ਨਹੀਂ ਖੇਡਦੇ। ਉਸ ਇਸਤਰੀ ਨੇ ਮਾਫੀ ਮੰਗੀ ਅਤੇ ਬੱਚਿਆਂ ਲਈ ਕਿਸੇ ਹੋਰ ਖੇਡ ਦਾ ਇੰਤਜ਼ਾਮ ਕੀਤਾ।

## ਵਿਨਾਸ਼ਕ ਜਾਂ ਨਿਰਮਾਤਾ? (14:20)

ਜਦੋਂ ਮੈਂ ਇਸ ਨਿਰਦੇਸ਼ ਨੂੰ ਪੜ੍ਹਦਾ ਹਾਂ, “ਭੋਜਨ ਦੇ ਕਾਰਨ ਪਰਮੇਸ਼ੁਰ ਦਾ ਕੰਮ ਨਾ ਵਿਗਾੜ” (14:20), ਤਾਂ ਮੈਂ ਉਨ੍ਹਾਂ ਲੋਕਾਂ ਨੂੰ ਚੇਤੇ ਕਰਦਾ ਹਾਂ ਜਿਨ੍ਹਾਂ ਨੇ ਅਜਿਹੇ “ਮਸਲਿਆਂ” ਕਾਰਨ ਮੰਡਲੀਆਂ

ਨੂੰ ਟੋਟੇ-ਟੋਟੇ ਕਰ ਦਿੱਤਾ, ਜਿਹੜੇ ਪਹਿਲੀ ਸਦੀ ਦੀ ਕਲੀਸਿਯਾ ਵਿਚਲੇ ਮੀਟ ਖਾਣ ਦੇ ਮਸਲੇ ਵਾਂਗ ਮਹੱਤਵਹੀਣ ਸਨ: ਜਿਵੇਂ ਕਿ ਵਿਚਾਰਾਂ ਦੀ ਭਿੰਨਤਾ, ਠੇਸ ਲੱਗੀਆਂ ਭਾਵਨਾਵਾਂ, ਕਲਪਨਾਤਮਕ ਨਿਰਾਦਰੀਆਂ ਅਤੇ ਅਜਿਹੇ ਹੋਰ ਨਿੱਕੇ-ਨਿੱਕੇ ਮਸਲੇ। ਇਹ ਕਿੰਨਾ ਦੁਖਦਾਈ ਹੈ!

ਨਿਰਮਾਣ ਦੀ ਤੁਲਨਾ ਵਿੱਚ ਢਾਹੁਣਾ ਹਮੇਸ਼ਾ ਸੌਖਾ ਹੁੰਦਾ ਹੈ। ਕਿਸੇ ਬੱਚੇ ਨੂੰ ਇੱਕ ਹਥੌੜਾ ਦੇ ਦਿਓ ਅਤੇ ਉਸ ਨੂੰ ਘਰ ਦਾ ਨਾਸ ਕਰਨ ਲਈ ਆਖੋ, ਉਹ ਮਿੰਟਾਂ ਵਿੱਚ ਹੀ ਭਿਆਣਕ ਨਾਸ ਕਰ ਦੇਵੇਗਾ। ਉਸ ਨੂੰ ਇੱਕ ਹਥੌੜਾ ਦਿਓ ਅਤੇ ਘਰ ਬਣਾਉਣ ਲਈ ਆਖੋ। ਤੁਸੀਂ ਭਾਵੇਂ ਉਸ ਨੂੰ ਕਿੰਨਾ ਵੀ ਸਮਾਂ ਕਿਉਂ ਨਾ ਦੇ ਦਿਓ ਉਹ ਘਰ ਨਹੀਂ ਬਣਾ ਸਕੇਗਾ। ਕਲੀਸਿਯਾ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਜਿਨ੍ਹਾਂ ਦਾ ਹੁਨਰ ਦੂਜਿਆਂ ਵਿੱਚ ਗਲਤੀਆਂ ਲੱਭਣਾ ਅਤੇ ਨਾਸ ਲਿਆਉਣਾ ਹੈ। ਇਹ ਧਾਰ ਲਵੋ ਕਿ ਤੁਸੀਂ ਪਰਮੇਸ਼ਰ ਦੀ ਮਦਦ ਨਾਲ "ਨਿਰਮਾਤਾ" ਹੀ ਬਣੋਗੇ।

---

## ਟਿੱਪਣੀਆਂ

[1]ਕਿਉਂ ਜੋ ਰੋਮੀਆਂ 14 ਯਹੂਦੀ ਜਾਂ ਗੈਰਯਹੂਦੀ ਦਾ ਜ਼ਿਕਰ ਨਹੀਂ ਕਰਦਾ, ਸਾਨੂੰ ਹੈਰਾਨੀ ਹੁੰਦੀ ਹੈ ਕਿ ਲੋਕ ਇਸ ਅਧਿਆਇ ਦੇ ਮਸਲਿਆਂ ਨੂੰ ਯਹੂਦੀ ਬਨਾਮ ਗੈਰਯਹੂਦੀ ਮਸਲਿਆਂ ਵਾਂਗ ਕਿਉਂ ਵੇਖਦੇ ਹਨ। ਅਗਲੇ ਅਧਿਆਇ ਦੇ ਅੰਤ ਵਿੱਚ ਜਾ ਕੇ ਹੀ ਪੌਲੁਸ "ਕੱਚੇ" ਅਤੇ "ਤਕੜੇ" ਦਾ ਜ਼ਿਕਰ ਕਰਨਾ ਬੰਦ ਕਰਦਾ ਹੈ ਅਤੇ ਯਹੂਦੀਆਂ ਅਤੇ ਗੈਰਯਹੂਦੀਆਂ ਬਾਰੇ ਗੱਲ ਸ਼ੁਰੂ ਕਰਦਾ ਹੈ (15:8–12)। [2]ਜਿਨ੍ਹਾਂ ਲੋਕਾਂ ਦੀ ਇਹ ਮਾਨਤਾ ਹੈ ਉਹ 14:13 ਦਾ ਹਵਾਲਾ ਦਿੰਦੇ ਹਨ, ਜਿੱਥੇ ਪੌਲੁਸ ਨੇ ਆਖਿਆ ਕਿ "ਅਸੀਂ ਇੱਕ ਦੂਏ ਉੱਤੇ *ਅਗਾਹਾਂ ਨੂੰ ਕਦੇ* ਦੋਸ਼ ਨਾ ਲਾਈਏ।" ਉਹ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਇਹ ਸ਼ਬਦ ਦੱਸਦੇ ਹਨ ਕਿ ਪੌਲੁਸ ਜਾਣਦਾ ਸੀ ਕਿ ਰੋਮ ਦੇ ਮਸੀਹੀ ਬੀਤੇ ਸਮੇਂ ਵਿੱਚ ਦੂਜਿਆਂ ਉੱਤੇ ਦੋਸ਼ ਲਗਾਉਣ ਦੇ ਦੋਸ਼ੀ ਸਨ। ਪਰ ਫਿਰ ਵੀ ਧਿਆਨ ਦਿਓ ਕਿ ਪੌਲੁਸ ਇਸ ਨਿਰਦੇਸ਼ ਵਿੱਚ *ਆਪਣੇ ਆਪ ਨੂੰ* ਵੀ ਸ਼ਾਮਿਲ ਕਰਦਾ ਹੈ ("*ਅਸੀਂ* ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ ਨਾ ਲਾਈਏ"), ਜਿਸ ਤੋਂ ਸਾਨੂੰ ਇਹ ਪਤਾ ਚੱਲਦਾ ਹੈ ਕਿ ਇਹ ਨਿਰਦੇਸ਼ ਸਧਾਰਣ ਤੌਰ 'ਤੇ ਸਭਨਾਂ ਲਈ ਦਿੱਤਾ ਗਿਆ ਨਿਰਦੇਸ਼ ਸੀ। [3]"ਕੋਸ਼ੇਰ" רָשֵׁכ, ਦਾ ਬਦਲਵਾਂ ਰੂਪ ਹੈ ਜੋ "ਢੁਕਵਾਂ" ਲਈ ਵਰਤਿਆ ਜਾਣ ਵਾਲਾ ਇਬਰਾਨੀ ਸ਼ਬਦ ਹੈ। ਇਹ ਉਸ ਭੋਜਨ ਵੱਲ ਇਸ਼ਾਰਾ ਕਰਦਾ ਹੈ ਜਿਹੜਾ ਯਹੂਦੀ ਸ਼ਰਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ। [4]ਅੱਜਕਲ੍ਹ ਇੱਕ ਸ਼ਬਦ "ਵੈਸ਼ਨੂੰ" ਸੁਣਿਆ ਜਾਂਦਾ ਹੈ: ਜਿਸ ਦਾ ਇਸ਼ਾਰਾ ਅਜਿਹੇ ਵਿਅਕਤੀ ਵੱਲ ਹੁੰਦਾ ਹੈ ਜੋ ਮੀਟ, ਦੁੱਧ ਦੇ ਬਣੇ ਪਦਾਰਥ, ਜਾਂ ਆਂਡੇ ਨਹੀਂ ਖਾਂਦਾ। ਜ਼ਿਆਦਾ ਪ੍ਰਚਲਿਤ ਸ਼ਬਦ "ਸ਼ਾਕਾਹਾਰੀ" ਹੈ। [5]ਰਿਚਰਡ ਏ. ਬੇਟਈ, *ਦ ਲੈਟਰ ਆਫ ਪੌਲ ਟੂ ਦ ਰੋਮਨਜ਼*, ਦ ਲਿਵਿੰਗ ਵਰਡ ਕਮੈਂਟ੍ਰੀ (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1969), 165. [6]ਕਈ ਅਨੁਵਾਦ ਅਤੇ ਭਾਵ ਅਨੁਵਾਦ ਰੋਮੀਆਂ 14 ਵਿੱਚ "ਰਾਏ" ਜਾਂ "ਮਾਨਤਾ" ਸ਼ਬਦ ਦੀ ਵਰਤੋਂ ਕਰਦੇ ਹਨ। ਉਦਾਹਰਣ ਵਜੋਂ ਆਇਤ 5 ਨੂੰ JB ਇਸ ਤਰ੍ਹਾਂ ਲਿਖਦੀ ਹੈ "ਹਰੇਕ ਵਿਅਕਤੀ ਨੂੰ ਆਪਣੀ ਮਾਨਤਾ ਨੂੰ ਮੰਨਦੇ ਰਹਿਣ ਦੀ ਅਜ਼ਾਦੀ ਹੋਣੀ ਚਾਹੀਦੀ ਹੈ।" [7]*ਥਿਓਲੋਜਿਕਲ ਡਿਕਸ਼ਨਰੀ ਆਫ ਦ ਨਿਉ ਟੈਸਟਾਮੈਂਟ* ਸੰਪਾਦਕ ਗੇਰਹਾਰਡ ਕਿਟਲ ਅਤੇ ਗੇਰਹਾਰਡ ਫ੍ਰੀਡਰਿਕ, ਅਨੁਵਾਦ ਅਤੇ ਲਘੂ ਰੂਪ ਜੈਫ੍ਰੀ ਡਬਲਿਯੂ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1985), 156 ਵਿਚ *"ਡਾਇਲੋਗਿਸਮੋਸ,"* ਜੀ. ਸ਼੍ਰੈਂਕ। [8]ਆਮਤੌਰ 'ਤੇ ਅਜਿਹਾ ਮੰਨਿਆ ਜਾਂਦਾ ਹੈ ਕਿ ਇਹ ਆਦਰਸ਼ ਵਾਕ ਥੋਮਸ ਕੈਂਪਬੈੱਲ ਨੇ ਆਖਿਆ ਸੀ ਅਤੇ ਇਸ ਦੇ ਜਜ਼ਬਾਤਾਂ ਨੂੰ ਉਨ੍ਹਾਂ ਦੀ *ਘੋਸ਼ਣਾ ਅਤੇ ਭਾਸ਼ਣ* (1809) ਵਿੱਚ ਦਰਸ਼ਾਇਆ ਗਿਆ ਹੈ। ਪਰ ਕੈਂਪਬੈੱਲ ਨੇ ਇਸ ਆਦਰਸ਼ ਵਾਕ ਨੂੰ ਪ੍ਰੋਟੈਸਟੈਂਟ ਸੁਧਾਰ ਤੋਂ ਅਪਣਾਇਆ ਸੀ। ਅਜਿਹੇ ਨਾਅਰੇ ਸਤਾਰਵੀਂ ਸਦੀ ਵਿੱਚ ਵੀ ਸੁਣੇ ਜਾਂਦੇ ਸਨ। [9]ਡਗਲਸ ਜੇ. ਮੂ, *ਰੋਮਨਸ,* ਦੀ NIV ਐਪਲਿਕੇਸ਼ਨ ਕਮੈਂਟ੍ਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡਰਵਨ ਪਬਲਿਸ਼ਿੰਗ ਹਾਉਸ, 2000), 453. [10]ਡਬਲਿਊ. ਈ. ਵਾਈਨ, ਮੇਰਿਲ ਐਫ. ਅੰਗਰ ਅਤੇ ਵਿਲੀਅਮ ਵਾਈਟ, ਜੂਨੀਅਰ, *ਵਾਈਨਜ਼ ਕੰਪਲੀਟ ਐਕਸਪੋਜਿਟਰੀ ਡਿਕਸ਼ਨਰੀ ਆਫ ਓਲਡ ਐਂਡ ਨਿਉ ਟੈਸਟਾਮੈਂਟ ਵਰਡਸ* (ਨੈਸ਼ਵਿਲ: ਥੋਮਸ ਨੈਲਸਨ ਪਬਲਿਸ਼ਰਜ਼, 1985), 511 (ਜ਼ੋਰ ਦਿੱਤਾ ਗਿਆ ਹੈ)।

[11]ਕਈ ਅਨੁਵਾਦ ਅਤੇ ਭਾਵ ਅਨੁਵਾਦ ਰੋਮੀਆਂ 14 ਦੇ ਆਖਰੀ ਹਿੱਸੇ ਵਿੱਚ "ਅੰਤਹਕਰਨ" ਸ਼ਬਦ ਦੀ ਵਰਤੋਂ ਕਰਦੇ ਹਨ। ਉਦਾਹਰਣ ਵਜੋਂ, NEB ਆਇਤ 22 ਵਿੱਚ; AB ਆਇਤ 20, 21, ਅਤੇ 23 ਵਿੱਚ; ਅਤੇ Phillips ਆਇਤ 20 ਅਤੇ 23 ਵਿੱਚ "ਅੰਤਹਕਰਨ" ਲਿਖਦੀ ਹੈ। [12]ਵਾਈਨ, 163. [13]ਜਿਵੇਂ ਕਿ ਇਸ ਹਵਾਲੇ ਵਿੱਚ ਵੇਖਿਆ ਗਿਆ ਹੈ, ਰੋਮੀਆਂ 14 ਦੀਆਂ ਬਾਕੀ ਆਇਤਾਂ ਵਿੱਚ ਯੂਨਾਨੀ ਭਾਸ਼ਾ ਵਿੱਚ κρίνω (*ਕ੍ਰਿਨੋ*, "ਦੋਸ਼ ਲਗਾਉਣਾ") ਰੂਪ ਦੀ ਵਰਤੋਂ ਕੀਤੀ ਗਈ ਹੈ, ਹਾਲਾਂਕਿ NASB ਵਿੱਚ ਉਸ ਦਾ ਅਨੁਵਾਦ "ਨਿਆਂ ਕਰਨਾ" ਵਜੋਂ ਨਹੀਂ ਕੀਤਾ ਗਿਆ ਹੈ। [14]ਵਾਈਨ, 336. [15]ਜਿਮੀ ਐਲਨ, *ਰੋਮਨਸ, ਦ ਕਲਿਅਰੇਸਟ ਗਾਸਪਲ ਆਫ਼ ਆਲ* (ਸਰਸੀ, ਆਰਕੈਨਸਾ: ਬਾਯ ਦ ਆਥਰ, 2005) 287. [16]ਵਾਈਨ, 562. [17]ਇਹ ਉਸ ਨੂੰ ਖਾਰਿਜ ਨਹੀਂ ਕਰਦਾ ਜੋ ਪੌਲੁਸ ਨੇ ਹੋਰਨਾਂ ਥਾਵਾਂ 'ਤੇ ਸਿਖਾਇਆ ਹੈ: ਕਦੇ-ਕਦੇ ਸਾਨੂੰ ਡਾਕਟ੍ਰਿਨ ਦੀ ਗਲਤੀ (16:17) ਅਤੇ ਅਨੈਤਿਕਤਾ (1 ਕੁਰਿੰਥੀਆਂ 5) ਬਾਰੇ ਫੈਸਲੇ ਆਪ ਲੈਣੇ ਪੈਂਦੇ ਹਨ। [18]ਮੈਕਾਰਡ ਦਾ ਅਨੁਵਾਦ ਲਿਖਦਾ ਹੈ, "ਰੋਜਾਨਾ ਆਦਰ ਨਾਲ ਫੜੀ ਰੱਖਦਾ ਹੈ।" [19]ਵਾਈਨ, 207 (ਜ਼ੋਰ ਦਿੱਤਾ ਗਿਆ ਹੈ)। [20]1 ਕੁਰਿੰਥੀਆਂ 16:1, 2 ਵਿੱਚ, ਪੌਲੁਸ ਅਨੁਮਾਨ ਲਗਾ ਰਿਹਾ ਸੀ ਕੁਰਿੰਥ ਦੇ ਵਸਨੀਕ ਅਰਾਧਨਾ ਕਰਨ ਲਈ ਹਰੇਕ ਹਫਤੇ ਦੇ ਪਹਿਲੇ ਦਿਨ ਇਕੱਠੇ ਹੁੰਦੇ ਹੋਣਗੇ। (ਜਦੋਂ ਉਹ ਅਜਿਹਾ ਕਰਦੇ ਸਨ ਤਾਂ ਪੌਲੁਸ ਨੇ ਉਨ੍ਹਾਂ ਨੂੰ ਆਖਿਆ ਕਿ ਇੱਕ ਵਿਸ਼ੇਸ਼ ਉਗਾਹੀ ਕਰਕੇ ਰੱਖਣ।)

[21]ਕੁਝ ਲੋਕਾਂ ਨੇ ਰੋਮੀਆਂ 14:5 ਦੀ ਵਰਤੋਂ ਐਤਵਾਰ ਦੀ ਬਜਾਇ ਹੋਰ ਕਿਸੇ ਵੀ ਦਿਨ ਪ੍ਰਭੂ ਭੋਜ ਲੈਣ ਦੇ ਬਹਾਨੇ ਵਜੋਂ ਕਰ ਲਈ ਹੈ। ਬਾਈਬਲ ਵਿੱਚ ਕਿਤੇ ਵੀ ਹਫਤੇ ਦੇ ਪਹਿਲੇ ਦਿਨ ਤੋਂ ਇਲਾਵਾ ਹੋਰ ਕਿਸੇ ਦਿਨ ਪ੍ਰਭੂ ਭੋਜ ਲੈਣ ਦਾ ਇਖ਼ਤਿਆਰ ਨਹੀਂ ਦਿੱਤਾ ਗਿਆ ਹੈ। [22]ਕੁਝ ਲੋਕ ਸੋਚਦੇ ਹਨ ਕਿ 1 ਕੁਰਿੰਥੀਆਂ 13:7 ਵਿਚਲੇ "ਸਭਨਾਂ ਗੱਲਾਂ ਦੀ ਪਰਤੀਤ ਕਰਦਾ" ਦਾ ਇੱਕ ਭਾਵ ਇਹ ਵੀ ਹੈ। [23]ਕਿਉਂ ਜੋ ਕੁਝ ਯੂਨਾਨੀ ਹਸਤਲੇਖਾਂ ਵਿੱਚ "ਨਾ ਮੰਨਣ ਵਾਲਾ" ਲਿਖਿਆ ਗਿਆ ਹੈ, ਇਸ ਕਰਕੇ KJV ਜੋੜਦੀ ਹੈ, "ਜਿਹੜਾ ਦਿਨ ਨੂੰ ਨਹੀਂ ਮੰਨਦਾ, ਉਹ ਪ੍ਰਭੂ ਦੇ ਲਈ ਨਹੀਂ ਮੰਨਦਾ" (ਵੇਖੋ NKJV)। [24]ਕੁਝ ਲੋਕ ਸੋਚਦੇ ਹਨ ਕਿ "ਨਹੀਂ ਖਾਂਦਾ" ਰੋਜ਼ਾ ਰੱਖਣ ਬਾਰੇ (ਭੋਜਨ ਤੋਂ ਦੂਰ ਰਹਿਣ ਬਾਰੇ) ਆਖਦਾ ਹੈ, ਪਰ ਸੰਦਰਭ ਆਖਦਾ ਹੈ ਕਿ "ਨਹੀਂ ਖਾਂਦਾ" ਮਾਸ ਖਾਣ ਤੋਂ ਪਰਹੇਜ਼ ਕਰਨ ਬਾਰੇ ਆਖਦਾ ਹੈ। [25]ਹੋਰਨਾਂ ਕਈ ਉਪਦੇਸ਼ਕਾਂ ਅਤੇਂ ਪ੍ਰਚਾਰਕਾਂ ਦੇ ਨਾਲ ਮੈਂ ਵੀ ਇਸ ਆਇਤ ਦੀ ਵਰਤੋਂ ਇਸ ਤਰ੍ਹਾਂ ਕੀਤੀ ਹੈ। ਰੋਮੀਆਂ 14:7 ਵਿੱਚ JB ਇਸ ਤਰ੍ਹਾਂ ਲਿਖਦੀ ਹੈ, "ਸਾਡੇ ਵਿੱਚੋਂ ਹਰੇਕ ਦੇ ਜੀਵਨ ਅਤੇ ਮੌਤ *ਦਾ ਪ੍ਰਭਾਵ ਦੂਜਿਆਂ ਉੱਤੇ ਪੈਂਦਾ ਹੈ*" (ਜ਼ੋਰ ਦਿੱਤਾ ਗਿਆ ਹੈ)। [26]ਲਿਓਨ ਮੋਰਿਸ, *ਦੀ ਏਪਿਸਲ ਟੂ ਦ ਰੋਮਨਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1988), 481. [27]KJV ਵੱਲੋਂ ਵਰਤੀ ਗਏ ਯੂਨਾਨੀ ਲਿਖਤ ਵਿੱਚ ਆਇਤ 7 ਦੇ ਅੰਤ ਵਿੱਚ ਇੱਕ ਪੂਰਨ ਵਿਰਾਮ ਲੱਗਾ ਹੈ। ਨਵੇਂ ਅਨੁਵਾਦਾਂ ਵੱਲੋਂ ਇਸਤੇਮਾਲ ਕੀਤੀ ਜਾਣ ਵਾਲੀ ਯੂਨਾਨੀ ਲਿਖਤ ਵਿੱਚ ਇਸ ਆਇਤ ਦੇ ਅੰਤ ਵਿੱਚ ਅਰਧ ਵਿਰਾਮ ਲੱਗਾ ਹੈ, ਜਿਸ ਦੇ ਕਾਰਨ 7 ਅਤੇ 8 ਆਇਤਾਂ ਆਪਸ ਵਿੱਚ ਜੁੜ ਜਾਂਦੀਆਂ ਹਨ। [28]KJV "ਲਈ" ਦੀ ਬਜਾਇ "ਵਾਸਤੇ" ਦੀ ਵਰਤੋਂ ਕਰਦਾ ਹੈ। ਇਹ ਸੰਬੰਧਸੂਚਕ ਸ਼ਬਦ ਅਨੁਵਾਦਕਾਂ ਵੱਲੋਂ ਪਾਏ ਗਏ ਸਨ ਤਾਂ ਜੋ ਸੰਪਰਦਾਨ ਕਾਰਕ ਸ਼ਬਦਾਂ ਦਾ ਲੜੀ ਨੂੰ ਬਰਕਰਾਰ ਰੱਖਿਆ ਜਾ ਸਕੇ। "ਵਾਸਤੇ" ਦੀ ਬਜਾਇ "ਲਈ" ਸੰਦਰਭ ਦੇ ਅਨੁਸਾਰ ਵਧੇਰੇ ਢੁਕਵਾਂ ਜਾਪਦਾ ਹੈ। [29]ਪੌਲੁਸ ਨੇ ਇਸ ਵਿਚਾਰ ਨੂੰ ਆਇਤ 13 ਅਤੇ 15 ਵਿੱਚ ਵਿਸਥਾਰ ਨਾਲ ਦੱਸਿਆ ਹੈ। [30]ਚਾਰਲਸ ਆਰ. ਸਵਿੰਡੋਲ, *ਦੀ ਗ੍ਰੇਸ ਅਵੇਕਨਿੰਗ* (ਅਨਾਹੇਮ, ਕੈਲਿਫ਼ੋਰਨਿਆ: ਇਨਸਾਈਟ ਫ਼ਾਰ ਲਿਵਿੰਗ, 1990), 158 (ਜ਼ੋਰ ਦਿੱਤਾ ਗਿਆ ਹੈ)।

[31]ਆਇਤ 4 ਵਿੱਚ, "ਖਲ੍ਹਿਆਰਨ" ਦਾ ਅਰਥ ਹੈ "ਡਿੱਗੇਗਾ ਨਹੀਂ" (ਜਿਸ ਦਾ ਅਰਥ ਹੈ, ਪਰਮੇਸ਼ਰ ਵੱਲੋਂ ਪਰਵਾਨ ਕੀਤਾ ਜਾਵੇਗਾ), ਅਤੇ ਇੱਥੇ ਵੀ ਇਸ ਦਾ ਇਹੋ ਅਰਥ ਹੋ ਸਕਦਾ ਹੈ। ਪਰ ਆਇਤ 10 ਦੇ ਸੰਦਰਭ ਦੇ ਪਰਕਾਸ਼ ਵਿੱਚ ਅਜਿਹਾ ਜਾਪਦਾ ਹੈ ਕਿ ਇਹ ਕਿਸੇ ਜੱਜ ਦੇ ਸਾਹਮਣੇ ਖੜੇ ਹੋਣ ਬਾਰੇ ਆਖਦਾ ਹੈ, ਜੋ ਆਪਣਾ ਫੈਸਲਾ ਸੁਣਾਉਣ ਹੀ ਵਾਲਾ ਹੈ। [32]ਵਾਈਨ, 337–38. [33]ਇਸ ਵਾਕ ਦੇ ਅਰੰਭਕ ਸ਼ਬਦ ਯਸਾਯਾਹ 49:18 ਤੋਂ ਆਏ ਜਾਪਦੇ ਹਨ। [34]ਲਾਰੀ ਡੀਸਨ, *"ਦ ਰਾਈਚੇਸਨੈੱਸ ਆਫ ਗੌਡ": ਐਨ ਇਨ-ਡੈਪਥ ਸਟਡੀ ਆਫ ਰੋਮਨਸ*, ਸੋਧਿਆ ਸੰਸਕਰਨ (ਕਲਿਫਟਨ ਪਾਰਕ, ਨਿਊ ਯੋਰਕ: ਲਾਈਫ ਕਮਿਉਨਿਕੇਸ਼ਨਜ਼, 1989), 308. [35]ਵਿਲੀਅਮ ਬਰਕਲੇ, *ਦ ਲੈਟਰ ਟੂ ਦ ਰੋਮਨਸ*, ਸੋਧਿਆ ਸੰਸਕਰਨ, ਦ ਡੇਲੀ ਸਟਡੀ ਬਾਈਬਲ (ਫਿਲਾਡੇਲਫੀਆ: ਵੈਸਟਮਿੰਸਟਰ ਪ੍ਰੈਸ, 1975), 193. [36]ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਰੋਮੀਆਂ 14 ਰਾਏ ਜਾਂ ਮਾਨਤਾ ਬਾਰੇ ਗੱਲ ਕਰਦਾ ਹੈ। [37]ਹਾਲਫੋਰਡ ਈ. ਲੁਕੌਕ, *ਪ੍ਰੀਚਿੰਗ ਵੈਲਯੂਜ਼ ਇਨ ਦ ਏਪਿਸਲਜ਼ ਆਫ ਪੌਲ,* ਜਿਲਦ 1 *ਰੋਮਨਸ ਐਂਡ ਫਸਟ ਕੋਰਿੰਥੀਅੰਸ* (ਨਿਊ ਯੋਰਕ: ਹਾਰਪਰ ਐਂਡ ਬ੍ਰਦਰਸ, 1959), 102 ਵਿਚ ਦੁਹਰਾਇਆ ਗਿਆ। [38]ਉਪਰੋਕਤ। [39]ਸਵਿੰਡੋਲ, *ਦ ਗ੍ਰੇਸ ਅਵੇਕਨਿੰਗ*, 49–50. [40]NEB ਲਿੱਖਦੀ ਹੈ "ਆਓ . . . ਇੱਕ ਦੂਜੇ ਦਾ *ਫੈਸਲਾ ਕਰਨਾ* ਬੰਦ ਕਰ ਦੇਈਏ, ਸਗੋਂ ਇਹ ਸਿੱਧਾ ਜਿਹਾ *ਫੈਸਲਾ* ਕਰ ਲਈਏ" (ਜ਼ੋਰ ਦਿੱਤਾ ਗਿਆ ਹੈ)।

[41]ਵਾਈਨ, 441, ਵਿੱਚ ਇਹ ਦੋਹੇਂ ਸ਼ਬਦ ਇੱਕੋ ਸਿਰਲੇਖ ਹੇਠ ਲਿਖੇ ਗਏ ਹਨ। ਇਨ੍ਹਾਂ ਸ਼ਬਦਾਂ ਦੇ ਅਰਥ ਐਨੇ ਜ਼ਿਆਦਾ ਮਿਲਦੇ ਜੁਲਦੇ ਹਨ ਕਿ, ਹਾਲਾਂਕਿ NASB "ਠੇਡਾ" ਪਹਿਲਾਂ ਲਿਖਦੀ ਹੈ ਅਤੇ "ਠੋਕਰ" ਬਾਅਦ ਵਿੱਚ, ਪਰ ਜਦਕਿ ਕਈ ਅਨੁਵਾਦ ਇਸ ਤਰਤੀਬ ਨੂੰ ਉਲਟ ਦਿੰਦੇ ਹਨ। [42]ਜਿਮ ਮੈੱਗੀਗਨ ਨੇ ਟਿੱਪਣੀ ਕੀਤੀ, "ਕਮਜ਼ੋਰ ਲੋਕਾਂ ਦੀਆਂ ਨਿਤਾਣੀਆਂ ਜਾਨਾਂ ਨੂੰ ਆਪਣਿਆਂ ਪੈਰਾਂ ਨਾਲ ਮਿੱਧਦੇ ਹੋਏ ਪੁਲਾਂਘਾਂ ਪੁੱਟਣ ਵਾਲਿਆਂ ਦੇ ਕੰਮ ਘੋਰ ਨਿੰਦਾ ਦੇ ਲਾਇਕ ਹਨ!" (ਜਿਮ ਮੈੱਗੀਗਨ, *ਦ ਬੁਕ ਆਫ ਰੋਮਨਸ,* ਲੁਕਿੰਗ ਇਨਟੂ ਦ ਬਾਈਬਲ ਸੀਰੀਜ਼ [ਲੁੱਬੌਕ, ਟੈਕਸਸ: ਮੌਨਟੈਕਸ ਪਬਲਿਸ਼ਿੰਗ ਕੰਪਨੀ, 1982], 401)। [43]ਆਰ. ਸੀ. ਐਚ. ਲੇਂਸਕੀ, *ਦ ਇੰਟਰਪਟੇਸ਼ਨ ਆਫ ਸੇਂਟ ਪੌਲਜ਼ ਏਪਿਸਲ ਟੂ ਦ ਰੋਮਨਸ* (ਮਿਨਿਆਪੋਲਿਸ: ਔਗਸਬਰਗ ਪਬਲਿਸ਼ਿੰਗ ਹਾਊਸ, 1936), 832. [44]ਵਾਈਨ, 441. [45]ਐਲਨ, 285. [46]ਇਨ੍ਹਾਂ ਅਤੇ ਹੋਰਨਾਂ ਸੰਭਾਵਨਾਵਾਂ ਨੂੰ ਵੱਖ-ਵੱਖ ਅਨੁਵਾਦਾਂ ਵਿੱਚ ਦਰਸ਼ਾਇਆ ਗਿਆ ਹੈ। [47]ਵਾਈਨ, 113, 649. [48]ਜੌਨ ਆਰ. ਡਬਲਿਯੂ. ਸਟੌਟ, *ਦ ਮੈਸੇਜ ਆਫ ਰੋਮਨਸ: ਗੌਡਜ਼ ਗੁੱਡ ਨਿਊਜ਼ ਫਾਰ ਦ ਵਰਲਡ*, ਦ ਬਾਈਬਲ ਸਪੀਕਸ ਟੁਡੇ (ਡਾਉਨਰਸ ਗ੍ਰੂਵ, ਇਲਿਨੋਏ: ਇੰਟਰ-ਵਰਸਿਟੀ ਪ੍ਰੈਸ, 1994), 365. [49]ਬੇਟਈ, 171. [50]ਮੋਰਿਸ, 487.

[51]ਵਾਲਟਰ ਬਾਵਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ*, ਤੀਜਾ ਸੰਸਕਰਨ, ਸੋਧਿਆ ਅਤੇ ਸੰਪਾਦਨ, ਫ੍ਰੈਡਰਿਕ ਡਬਲਿਯੂ. ਡੈਂਕਰ (ਸ਼ਿਕਾਗੋ: ਯੂਨਿਵਰਸਿਟੀ ਆਫ ਸ਼ਿਕਾਗੋ ਪ੍ਰੈਸ, 2000), 604. [52]ਮੂ, 460. [53]"ਚੱਲਣਾ" ਪੌਲੁਸ ਵੱਲੋਂ "ਜੀਵਨ ਜਿਉਣ" ਲਈ ਇਸਤੇਮਾਲ ਕੀਤੇ ਜਾਣ ਵਾਲੇ ਮਨਪਸੰਦ ਸ਼ਬਦਾਂ ਵਿੱਚੋਂ ਇੱਕ ਸੀ। [54]ਮੋਰਿਸ, 487. [55]ਫ੍ਰਿਟਜ਼ ਰਾਈਡਨੋਰ, ਸੰਪਾਦਕ, *ਹਾਓ ਟੂ ਬੀ ਏ ਕ੍ਰਿਸ਼ਚਿਅਨ ਵਿਦਾਉਟ ਬੀਂਗ ਰਿਲਿਜਿਅਸ* (ਗਲੈਂਡੇਲ, ਕੈਲਿਫੋਰਨਿਆ: ਰੀਗਲ ਬੁਕਸ, ਜੀ/ਐਲ ਪਬਲਿਕੇਸ਼ਨਸ, 1967), 124. [56]ਵਾਈਨ, 164. [57]ਸਟੌਟ, 365. [58]ਅਸੀਂ ਨਹੀਂ ਜਾਣਦੇ ਕਿ ਪੌਲੁਸ ਇੱਥੇ "ਪੀਣਾ" ਨੂੰ ਕਿਉਂ ਲੈ ਕੇ ਆਇਆ ਹੈ, ਪਰ ਹੋ ਸਕਦਾ ਹੈ ਕਿ ਇਸ ਦਾ ਭਾਵ ਕੇਵਲ ਭੋਜਨ ਤੋਂ ਹੋਵੇ; ਕਿਉਂਕਿ ਭੋਜਨ ਵਿੱਚ ਖਾਣਾ ਅਤੇ ਪੀਣਾ ਦੋਹੇਂ ਸ਼ਾਮਿਲ ਹੁੰਦੇ ਹਨ (14:21 ਦੀਆਂ ਟਿੱਪਣੀਆਂ ਵੇਖੋ)। [59]"ਕਲੀਸਿਯਾ" ਅਤੇ "ਰਾਜ" ਸ਼ਬਦਾਂ ਨੂੰ ਮੱਤੀ 16:18, 19 ਵਿੱਚ ਇੱਕ ਦੂਜੇ ਦੀ ਥਾਂ ਇਸਤੇਮਾਲ ਕੀਤਾ ਗਿਆ ਹੈ। ਪੌਲੁਸ ਨੇ "ਰਾਜ" ਸ਼ਬਦ ਦੀ ਵਰਤੋਂ ਬਹੁਤ ਘੱਟ ਕੀਤੀ ਹੈ (ਰੋਮੀਆਂ ਵਿੱਚ ਕੇਵਲ ਇੱਥੇ ਹੀ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ); ਆਮਤੌਰ 'ਤੇ ਉਸ ਨੇ "ਕਲੀਸਿਯਾ" ਸ਼ਬਦ ਦੀ ਹੀ ਵਰਤੋਂ ਕੀਤੀ ਹੈ। ਸ਼ਾਇਦ ਉਸ ਨੇ ਇਸ ਸ਼ਬਦ ਦੀ ਵਰਤੋਂ ਇੱਥੇ ਇਸ ਗੱਲ 'ਤੇ ਜ਼ੋਰ ਦੇਣ ਲਈ ਕੀਤੀ ਕਿ ਕਿਸੇ ਵਿਅਕਤੀ ਦੇ *ਅਧਿਕਾਰਾਂ* ਨਾਲੋਂ ਪ੍ਰਭੂ ਦਾ *ਸ਼ਾਸਨ* ਵਧੇਰੇ ਮਹੱਤਵਪੂਰਣ ਹੈ। [60]"ਸ਼ਾਂਤੀ ਅਤੇ ਅਨੰਦ" ਦਾ ਇਸ਼ਾਰਾ ਉਸ ਵੱਲ ਹੋ ਸਕਦਾ ਹੈ ਕਿ *ਪਰਮੇਸ਼ਰ* ਨੇ ਸਾਡੇ ਲਈ ਕੀ ਕੀਤਾ ਹੈ ਅਤੇ ਕੀ ਕਰ ਰਿਹਾ ਹੈ, ਪਰ ਸੰਦਰਭ ਇਹ ਆਖਦਾ ਜਾਪਦਾ ਹੈ ਕਿ *ਸਾਨੂੰ* ਕੀ ਕਰਨ ਦੀ ਲੋੜ ਹੈ।

[61]ਇਸ ਦਾ ਅਰਥ "ਕੱਚੇ" ਭਰਾਵਾਂ ਵੱਲੋਂ ਪਰਵਾਨਗੀ ਹੋ ਸਕਦਾ ਹੈ, ਪਰ ਇਸ ਨੂੰ ਵਿਸਤ੍ਰਿਤ ਤੌਰ 'ਤੇ ਲਾਗੂ ਕੀਤੇ ਜਾਣ ਦੀ ਵੀ ਲੋੜ ਹੈ। [62]*ਔਇਕੋਡੋਮੇ* ਦਾ ਅਨੁਵਾਦ 15:2 ਵਿੱਚ "ਤਰੱਕੀ" ਕੀਤਾ ਹੈ। [63]ਵਾਈਨ, 194. [64]ਐਲਨ, 288. [65]ਯੂਨਾਨੀ ਭਾਸ਼ਾ ਵਿੱਚ, "ਭੋਜਨ ਦੇ ਕਾਰਨ" ਨੂੰ ਵਾਕ ਵਿੱਚ ਪਹਿਲਾਂ ਲਿਖਿਆ ਗਿਆ ਹੈ ਤਾਂ ਜੋ ਇਸ ਗੱਲ ਉੱਤੇ ਜ਼ੋਰ ਦਿੱਤਾ ਜਾ ਸਕੇ। [66]ਵਾਈਨ, 164. [67]ਪੌਲੁਸ ਦਾ ਧਿਆਨ ਇਸ ਗੱਲ 'ਤੇ ਸੀ ਕਿ ਅਸੀਂ ਜੋ ਕੁਝ ਕਰਦੇ ਹਾਂ, ਉਸ ਦਾ ਪ੍ਰਭਾਵ ਸਾਡੇ ਸੰਗੀ ਮਸੀਹੀਆਂ ਉੱਤੇ ਪੈਂਦਾ ਹੈ: ਸਾਨੂੰ "ਇੱਕ ਦੂਏ" ਦੀ ਤਰੱਕੀ ਕਰਨੀ ਹੈ (14:19); ਅਸੀਂ ਉਸ ਦਾ "ਨਾਸ ਨਾ ਕਰੀਏ . . . ਜਿਹ ਦੇ ਲਈ ਮਸੀਹ ਮੋਇਆ" (14:15)। [68]"ਠੇਡਾ" *ਪ੍ਰੋਸਕੋਮਾ* ਤੋਂ ਹੈ (14:13 ਦੀ ਟਿੱਪਣੀ ਵੇਖੋ)। [69]ਆਇਤ 21 "ਮੈ" ਲਈ ਇੱਕ ਆਮ ਸ਼ਬਦ ਦੀ ਵਰਤੋਂ ਕਰਦੀ ਹੈ οἶνος (*ਓਇਨੋਸ*)। ਉਨ੍ਹਾਂ ਦਿਨਾਂ ਵਿੱਚ ਪੀਣ ਵਾਲੇ ਪਦਾਰਥ ਵਜੋਂ ਆਮਤੌਰ 'ਤੇ ਪਾਣੀ ਮਿਲੀ ਮੈ ਇਸਤੇਮਾਲ ਕੀਤੀ ਜਾਂਦੀ ਸੀ। ਕੁਝ ਲੋਕ ਇਸ ਦਾ ਇੱਕ ਕਾਰਨ ਇਹ ਵੀ ਮੰਨਦੇ ਹਨ ਕਿ ਉਨ੍ਹਾਂ ਦਿਨਾਂ ਵਿੱਚ ਸ਼ੁੱਧ ਪਾਣੀ ਹਮੇਸ਼ਾ ਉਪਲਬਧ ਨਹੀਂ ਹੁੰਦਾ ਸੀ। ਮੈੱਗੀਗਨ, 485–94, ਵਿੱਚ *ਓਇਨੋਸ* ਬਾਰੇ ਇੱਕ ਅਨੁਬੰਧ ਜੋੜਿਆ ਗਿਆ ਹੈ। [70]ਮੋਰਿਸ, 491.

[71]ਸੀ. ਐਫ. ਕੇਇਲ, *ਦ ਬੁਕ ਆਫ ਡੈਨਿਅਲ*, ਅਨੁਵਾਦ ਐਮ. ਜੀ. ਈਸਟਨ, ਬਿਬਲਿਕਲ ਕਮੈਂਟ੍ਰੀ ਆਨ ਦੀ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1959), 80. [72]ਰਿਚਰਡ ਰੋਜਰਸ, *ਪੇਡ ਇਨ ਫੁਲ: ਏ ਕਮੈਂਟ੍ਰੀ ਆਨ ਰੋਮਨਸ* (ਲੁੱਬੌਕ, ਟੈਕਸਸ: ਸਨਸੈੱਟ ਇਨਸਟੀਟਿਊਟ ਪ੍ਰੈਸ, 2002), 192. [73]"ਤੈਨੂੰ ਜਿਹੜੀ ਨਿਹਚਾ ਹੈ" ਦੀ ਬਜਾਇ ਯੂਨਾਨੀ ਵਿੱਚ ਕੇਵਲ ਐਨਾ ਹੀ ਲਿਖਿਆ ਹੈ "ਆਪਣੇ ਆਪ ਲਈ।" [74]ਕੁਝ ਲੋਕ ਮੰਨਦੇ ਹਨ ਕਿ ਰੋਮੀਆਂ 14:22 ਦੇ ਆਖਰੀ ਹਿੱਸੇ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ: "ਧੰਨ ਉਹ ਜਿਹੜਾ ਆਪਣੇ ਅੰਤਹਕਰਨ ਦੇ ਅਨੁਸਾਰ ਜੀਵਨ ਬਤੀਤ ਕਰਦਾ ਹੈ।" [75]ਮੋਰਿਸ, 492. [76]ਕੋਏ ਰੋਪਰ, "ਹਾਓ ਕ੍ਰਿਸ਼ਚਿਅਨਸ ਕੈਨ ਡਿਸਅਗ੍ਰੀ ਵਿਦਾਉਟ ਦ ਚਰਚ ਡਿਸਇੰਟੇਗ੍ਰੇਟਿੰਗ," *ਟ੍ਰੁੱਥ ਫਾਰ ਟੁਡੇ* 10,

ਨੰ. 1 (ਜੂਨ 1989): 39. [77]ਸਟੌਟ, 368. ਕਿਉਂ ਜੋ ਇਹ ਹਮੇਸ਼ਾ ਸਪੱਸ਼ਟ ਨਹੀਂ ਹੁੰਦਾ ਕਿ ਕਿਸੇ ਵੀ ਮਸਲੇ 'ਤੇ "ਤਕੜਾ" ਕੌਣ ਹੈ ਅਤੇ "ਕੱਚਾ" ਕੌਣ, ਇਸ ਕਰਕੇ ਸਾਨੂੰ ਸਾਰਿਆਂ ਨੂੰ ਆਪਣੀਆਂ ਮਾਨਤਾਵਾਂ ਦੀ ਤੁਲਨਾ ਪਰਮੇਸ਼ਰ ਦੇ ਵਚਨ ਦੇ ਨਾਲ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਨ੍ਹਾਂ ਮਾਨਤਾਵਾਂ ਨੂੰ ਪਰਮੇਸ਼ਰ ਦੀ ਇੱਛਾ ਦੇ ਨੇੜੇ ਲੈ ਆਉਣਾ ਚਾਹੀਦਾ ਹੈ। [78]ਐਲਨ, 289. [79]ਵਾਈਨ, 336. [80]ਇਹ ਵਾਕ, ਜਿਸ ਦੀ ਵਰਤੋਂ ਸਿਰਲੇਖ ਵਿੱਚ ਵੀ ਕੀਤੀ ਗਈ ਹੈ, ਕੋਏ ਰੋਪਰ, 35–39 ਤੇ ਅਧਾਰਿਤ ਸੀ।

[81]ਜਦ ਪੌਲੁਸ ਚਰਚਾ ਜਾਰੀ ਰੱਖਦਾ ਹੈ, ਉਹ "ਗੁਆਂਢੀ" ਸ਼ਬਦ ਦੀ ਵਰਤੋਂ ਕਰਦਾ ਹੈ (15:2) ਅਤੇ ਸ਼ਾਇਦ ਇਹ ਦਰਸਾਉਂਦਾ ਹੈ ਕਿ ਉਸ ਦੀ ਵਰਤੋਂ ਵਧੇਰੇ ਵਿਸਤ੍ਰਿਤ ਖੇਤਰ ਵਿੱਚ ਕੀਤੀ ਜੀ ਸਕਦੀ ਹੈ। [82]ਮੈਂਗੀਗਨ, 403. [83]ਪਾਠ ਦੇ ਇਸ ਹਿੱਸੇ ਵਿੱਚ ਵਰਤੀਆਂ ਗਈਆਂ ਗੱਲਾਂ ਡੀਸਨ, 312; ਅਤੇ ਚਾਰਲਸ ਆਰ. ਸਵਿੰਡੋਲ, *ਰਿਲੇਟਿੰਗ ਟੂ ਅਦਰਸ ਇਨ ਲਵ: ਏ ਸਟਡੀ ਆਫ ਰੋਮਨਸ 12—16* (ਫੁਲਰਟਨ, ਕੈਲਿਫੋਰਨਿਆ: ਇਨਸਾਈਟ ਫਾਰ ਲਿਵਿੰਗ, 1985), 40 ਤੋਂ ਲਈਆਂ ਗਈਆਂ ਹਨ। [84]ਕੋਏ ਰੋਪਰ, 37. [85]ਇਹ ਉਦਾਹਰਣਾਂ ਏ. ਜੀ. ਹੌਬਸ, ਜੂਨੀਅਰ, ਵੱਲੋਂ ਆਪਣੇ ਇਕ ਲੇਖ "ਇਜ਼ ਕੌਂਸ਼ਨਸ ਏ ਸੇਫ ਗਾਈਡ?" (ਫੋਰਟ ਵਰਥ, ਟੈਕਸਸ: ਬਾਯ ਦੀ ਔਥਰ, ਮਿਤੀ ਉਪਲਬਧ ਨਹੀਂ), 1–5 ਵਿੱਚ ਦਿੱਤੀਆਂ ਗਈਆਂ ਸਨ। [86]"ਤਕੜੇ" ਦਾ ਅਰਥ ਸਭਨਾਂ ਖੇਤਰਾਂ ਵਿੱਚ ਗਿਆਨਵਾਨ ਹੋਣਾ ਨਹੀਂ ਹੈ, ਬਲਕਿ ਸਿਰਫ਼ ਉਸ ਖੇਤਰ ਵਿੱਚ ਜਿਸ ਬਾਰੇ ਚਰਚਾ ਹੋ ਰਹੀ ਹੈ। ਸੰਭਵ ਹੈ ਕਿ ਇੱਕ ਖੇਤਰ ਵਿੱਚ ਸਾਡਾ "ਅੰਤਹਕਰਨ ਤਕੜਾ (ਗਿਆਨਵਾਨ)" ਹੋਵੇ ਅਤੇ ਕਿਸੇ ਹੋਰ ਖੇਤਰ ਵਿੱਚ ਸਾਡਾ "ਅੰਤਹਕਰਨ ਕੱਚਾ (ਅਗਿਆਨੀ)" ਹੋਵੇ। ਸ਼ਾਇਦ ਇਸੇ ਕਰਕੇ ਰੋਮੀਆਂ 14; 15 ਵਿੱਚ ਉਦਾਹਰਣ ਪੇਸ਼ ਕਰਨ ਲਈ ਦੋ ਵਿਸ਼ੇ ਇਸਤੇਮਾਲ ਕੀਤੇ ਗਏ ਹਨ: ਮੂਰਤਾਂ ਅੱਗੇ ਚਾੜ੍ਹੇ ਗਏ ਮਾਸ ਨੂੰ ਖਾਣ ਬਾਰੇ ਯਹੂਦੀ ਮਸੀਹੀਆਂ ਦੇ ਅੰਤਹਕਰਨ ਤਕੜੇ ਸਨ, ਪਰ ਕੁਝ ਯਹੂਦੀ ਪਰਬ ਮਨਾਉਣ ਬਾਰੇ ਉਨ੍ਹਾਂ ਦੇ ਅੰਤਹਕਰਨ ਕੱਚੇ ਸਨ। ਦੂਜੇ ਪਾਸੇ, ਮੂਰਤਾਂ ਅੱਗੇ ਚਾੜ੍ਹੇ ਗਏ ਮਾਸ ਨੂੰ ਖਾਣ ਬਾਰੇ ਗੈਰਯਹੂਦੀ ਮਸੀਹੀਆਂ ਦੇ ਅੰਤਹਕਰਨ ਕੱਚੇ ਸਨ, ਪਰ ਯਹੂਦੀ ਪਰਬ ਮਨਾਉਣ ਬਾਰੇ ਉਨ੍ਹਾਂ ਦੇ ਅੰਤਹਕਰਨ ਤਕੜੇ ਸਨ। [87]ਲਿਖਤ ਨੂੰ ਗੌਰ ਨਾਲ ਪੜ੍ਹੋ: ਜੇਕਰ ਮੈਂ ਕਿਸੇ ਕੰਮ ਨੂੰ ਗਲਤ ਮੰਨਦਾ ਹਾਂ, ਤਾਂ ਜ਼ਰੂਰੀ ਨਹੀਂ ਹੈ ਕਿ ਬਾਕੀ ਵੀ ਉਸ ਨੂੰ ਗਲਤ ਮੰਨਦੇ ਹੋਣ, ਪਰ ਮੈਂ ਸੁਭਾਵਕ ਤੌਰ 'ਤੇ ਹੀ ਉਸ ਨੂੰ ਗਲਤ ਮੰਨਦਾ ਹਾਂ। [88]ਰੋਲੈਂਡ ਐਚ. ਬੇਨਟਨ, *ਹੇਅਰ ਆਈ ਸਟੈਂਡ: ਏ ਲਾਈਫ ਆਫ ਮਾਰਟਿਨ ਲੂਥਰ* (ਨੈਸ਼ਵਿਲ: ਐਬਿੰਗਟਨ ਪ੍ਰੈਸ, 1950), 144. [89]ਐਵਰੇਟ ਹਾਫਰਡ, "ਲਾਈਫ ਮੈਚੋਰਿਟੀ ਐਂਡ ਫੈਮਿਲੀ," ਬਾਰੇ ਈਸਟ ਸਾਈਡ ਚਰਚ ਆਫ ਕ੍ਰਾਈਸਟ, ਮਿਡਵੈਸਟ ਸਿਟੀ, ਓਕਲਾਹੋਮਾ, ਵਿਖੇ 25 ਅਪ੍ਰੈਲ 2004 ਨੂੰ ਸਿਖਾਇਆ ਗਿਆ। [90]ਹੈਨਰੀ ਕਲੇ, ਸਪੀਚ ਇਨ ਦ ਸੈਨੇਟ (1850); ਜੌਨ ਬਾਰਟਲੈੱਟ, *ਬਾਰਟਲੈੱਟਜ਼ ਫੈਮਿਲਿਅਰ ਕੋਟੇਸ਼ਨਜ਼*, 16ਵਾਂ ਸੰਸਕਰਨ, ਸੰਪਾਦਕ ਜਸਟਿਨ ਕਾਪਲੈਨ (ਬੋਸਟਨ: ਲਿਟਲ, ਬ੍ਰਾਉਨ, ਐਂਡ ਕੰਪਨੀ, 1992), 389 ਵਿੱਚ ਆਖਿਆ ਗਿਆ।

[91]ਚੇਤੇ ਰੱਖੋ ਕਿ ਅਸੀਂ ਭੋਜਨ ਨੂੰ ਲੈ ਕੇ "ਕੇਵਲ ਸਾਗ-ਪੱਤ" ਹੀ ਖਾਣ ਦੀ ਗੱਲ ਨਹੀਂ ਕਰ ਰਹੇ। [92]ਇਹ ਨਾ ਭੁੱਲੋ ਕਿ ਰਾਏ ਬਾਰੇ ਚਰਚਾ ਕੀਤੀ ਜਾ ਰਹੀ ਹੈ। ਪਰ ਹਾਂ, ਵਿਸ਼ਵਾਸ ਦੇ ਮਸਲਿਆਂ ਬਾਰੇ ਸਹੀ ਹੋਣਾ ਬਹੁਤ ਮਹੱਤਵਪੂਰਣ ਹੈ। [93]ਮੈਂ ਬੈਟਸਲ ਬੈਰੇਟ ਬੈਕਸਟਰ ਨੂੰ ਇਹ 1955 ਦੇ ਨੇੜੇ-ਤੇੜੇ ਐਬਿਲੇਨ ਕ੍ਰਿਸ਼ਚਿਅਨ ਕਾਲਜ ਵਿੱਚ ਇੱਕ ਭਾਸ਼ਣ ਵਿੱਚ ਬੋਲਦਿਆਂ ਸੁਣਿਆ ਸੀ। [94]ਸੰਸਾਰ ਦੇ ਕੁਝ ਹਿੱਸਿਆਂ ਵਿੱਚ ਪੁਲੀਸ ਅਤੇ ਫੌਜ ਵਿਭਾਗ ਐਨੇ ਭਰਿਸ਼ਟ ਹਨ ਕਿ ਜ਼ਿਆਦਾਤਰ ਮਸੀਹੀ ਮੰਨਦੇ ਹਨ ਕਿ ਉਹ ਆਪਣੇ ਵਿਸ਼ਵਾਸ ਨਾਲ ਸਮਝੌਤਾ ਕੀਤੇ ਬਿਨਾ ਇਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਭਰਤੀ ਨਹੀਂ ਹੋ ਸਕਦੇ। [95]ਜਿਮ ਟਾਉਨਸੈਂਡ, *ਰੋਮਨਸ: ਲੈੱਟ ਜਸਟਿਸ ਰੋਲ ਡਾਉਨ* (ਐਲਗਿਨ, ਇਲਿਨੋਏ: ਡੇਵਿਡ ਸੀ. ਕੁੱਕ ਪਬਲਿਸ਼ਿੰਗ ਕੰਪਨੀ, 1988), 93 ਤੋਂ ਲਏ ਗਏ।